# ਅਧਿਆਇ 35

# ਬੈਤਏਲ ਨੂੰ ਵਾਪਸੀ

ਯਾਕੂਬ ਦੇ ਜ਼ਿਆਦਾਤਰ ਜੀਵਨ ਵਿਚ ਯਾਤਰਾ ਸ਼ਾਮਲ ਸੀ। ਉਸ ਦੀ ਮਾਂ ਨੇ ਉਸ ਨੂੰ "ਉੱਠ" ਅਤੇ "ਭੱਜ ਜਾਹ" ਦੀ ਹਿਦਾਇਤ ਦਿੱਤੀ (27:43), ਅਤੇ ਉਸ ਦੇ ਪਿਤਾ ਨੇ ਇਸ ਨੂੰ ਇਹ ਕਹਿੰਦੇ ਹੋਏ, ਦੁਹਰਾਇਆ, "ਉੱਠ ਪਦਨ ਅਰਾਮ ਨੂੰ ਜਾਹ" (28:2)। ਹਾਰਾਨ ਵਿਚ ਵੀਹ ਸਾਲ ਰਹਿਣ ਤੋਂ ਬਾਅਦ, ਪ੍ਰਭੂ ਦੇ ਸਵਰਗਦੂਤ ਨੇ ਉਸ ਨੂੰ ਕਨਾਨ ਨੂੰ ਮੁੜ ਜਾਣ ਦੀ ਸਲਾਹ ਦਿੱਤੀ (31:13)। ਲਿਖਤ ਦੇ ਇਸ ਭਾਗ ਵਿਚ, ਯਾਕੂਬ ਨੇ ਉਹੀ ਹੁਕਮ ਪਰਮੇਸ਼ੁਰ ਦੇ ਵੱਲੋਂ ਪ੍ਰਾਪਤ ਕੀਤਾ "ਉੱਠ" ਅਤੇ "ਜਾਹ" (35:1)। ਉਸ ਨੇ ਪੁਰਖੇ ਨੂੰ ਕਿਹਾ ਕਿ ਉਸ ਦੀ ਬੰਦਗੀ ਕਰਨ ਦੇ ਲਈ ਬੈਤਏਲ ਨੂੰ ਮੁੜ ਜਾਵੇ।

ਆਪਣੇ ਵਿਦੇਸੀ ਦੇਵਤਿਆਂ ਨੂੰ ਦੂਰ ਕਰਨ ਅਤੇ ਆਪਣੇ ਆਪ ਨੂੰ ਪਵਿੱਤਰ ਕਰਨ ਤੋਂ ਬਾਅਦ (35:2-4), ਯਾਕੂਬ ਦਾ ਪਰਿਵਾਰ ਸ਼ਕਮ ਤੋਂ ਬੈਤਏਲ ਤੱਕ ਗਿਆ। ਉੱਥੇ ਇੱਕ ਵਾਰ ਫਿਰ ਪਰਮੇਸ਼ੁਰ ਨੇ ਯਾਕੂਬ ਨੂੰ ਦਰਸ਼ਣ ਦਿੱਤੇ ਅਤੇ ਆਪਣੇ ਨੇਮ ਦੇ ਵਾਇਦਿਆਂ ਦੀ ਪੁਸ਼ਟੀ ਕੀਤੀ (35:5-15)। ਬਾਅਦ ਵਿਚ ਇਹ ਦਲ ਬੈਤਏਲ ਛੱਡ ਕੇ, ਦੱਖਣ ਵਿਚ ਹਬਰੋਨ ਵੱਲ ਗਿਆ। ਇਸ ਯਾਤਰਾ ਨੇ ਨਿਸ਼ਚਤ ਤੌਰ ਤੇ ਯਾਕੂਬ ਦੇ ਦਿਲ ਨੂੰ ਬਹੁਤ ਦੁੱਖ ਨਾਲ ਭਰ ਦਿੱਤਾ। ਉਸ ਦੇ ਬਾਰਵੇਂ ਪੁੱਤਰ ਬਿਨਯਾਮੀਨ ਨੂੰ ਜਨਮ ਦੇਣ ਤੋਂ ਬਾਅਦ ਉਸ ਦੀ ਪਿਆਰੀ ਪਤਨੀ ਰਾਖੇਲ ਦੀ ਮੌਤ ਹੋ ਗਈ (35:16-21)। ਫਿਰ, ਯਾਕੂਬ ਦਾ ਸਭ ਤੋਂ ਵੱਡਾ ਪੁੱਤਰ ਰਊਬੇਨ ਨੇ ਉਸ ਦੀ ਸੁਰੇਤ ਬਿਲਹਾਹ ਨਾਲ ਸ਼ਰਮਨਾਕ ਸੰਬੰਧ ਬਣਾਏ (35:22)। ਆਖਿਰ ਵਿਚ, ਯਾਕੂਬ ਦਾ ਪਿਤਾ ਇਸਹਾਕ ਹਬਰੋਨ ਵਿਚ ਮਰ ਗਿਆ (35:27-29)। ਇਨ੍ਹਾਂ ਦੁੱਖ ਭਰੀਆਂ ਘਟਨਾਵਾਂ ਦੇ ਦਰਮਿਆਨ, ਲਿਖਤ ਯਾਕੂਬ ਨੂੰ ਅਣਗਿਣਤ ਸੰਤਾਨ ਦੇਣ ਦੇ ਆਪਣੇ ਵਾਇਦੇ ਵਿਚ ਪਰਮੇਸ਼ੁਰ ਦੀ ਵਫ਼ਾਦਾਰੀ ਦੀ ਪੁਸ਼ਟੀ ਕਰਦੀ ਹੈ। ਉਸ ਦੇ ਬਾਰ੍ਹਾਂ ਪੁੱਤਰ ਸੂਚੀਬੱਧ ਹਨ (35:22-26); ਇਹ ਉਹ ਪੁਰਖ ਹਨ ਜਿਨ੍ਹਾਂ ਨੇ ਇਸਰਾਈਲ ਰਾਸ਼ਟਰ ਨੂੰ ਜਨਮ ਦਿੱਤਾ।

## ਯਾਕੂਬ ਦੇ ਪਰਿਵਾਰ ਦੀ ਸ਼ੁੱਧੀ: ਪਰਾਏ ਦੇਵਤਿਆਂ ਨੂੰ ਬਾਹਰ ਸੁੱਟਣਾ (35:1-4)

**[1]ਤਾਂ ਪਰਮੇਸ਼ੁਰ ਨੇ ਯਾਕੂਬ ਨੂੰ ਆਖਿਆ ਉੱਠ ਅਰ ਬੈਤਏਲ ਨੂੰ ਉਤਾਹਾਂ ਜਾਹ ਅਤੇ ਉੱਥੇ ਟਿਕ ਅਰ ਉੱਥੇ ਪਰਮੇਸ਼ੁਰ ਲਈ ਜਿਸ ਤੈਨੂੰ ਉਸ ਵੇਲੇ ਵਿਖਾਲੀ ਦਿੱਤੀ ਸੀ ਜਦ ਤੂੰ ਆਪਣੇ ਭਰਾ ਏਸਾਓ ਕੋਲੋਂ ਭੱਜਾ ਸੀ ਇੱਕ ਜਗਵੇਦੀ ਬਣਾ। [2]ਤਾਂ ਯਾਕੂਬ ਨੇ ਆਪਣੇ ਘਰਾਣੇ ਅਰ ਆਪਣੇ ਨਾਲ ਦੇ ਸਾਰਿਆਂ ਲੋਕਾਂ ਨੂੰ ਆਖਿਆ, ਤੁਸੀਂ ਪਰਾਏ ਦੇਵਤਿਆਂ ਨੂੰ ਜਿਹੜੇ ਤੁਹਾਡੇ ਵਿੱਚ ਹਨ ਬਾਹਰ ਸੁੱਟ ਦਿਓ ਅਰ ਪਵਿੱਤਰ ਹੋਵੋ ਅਰ ਆਪਣੇ ਬਸਤਰ ਬਦਲ ਲਓ। [3]ਅਰ ਅਸੀਂ ਉੱਠ ਕੇ ਬੈਤਏਲ ਨੂੰ ਚੜ੍ਹੀਏ ਅਰ ਉੱਥੇ ਮੈਂ ਇੱਕ ਜਗਵੇਦੀ ਪਰਮੇਸ਼ੁਰ ਲਈ ਬਣਾਵਾਂਗਾ ਜਿਸ ਮੇਰੀ ਬਿਪਤਾ ਦੇ**

**ਦਿਨ ਮੈਨੂੰ ਉੱਤਰ ਦਿੱਤਾ ਅਰ ਜਿਸ ਰਸਤੇ ਤੇ ਮੈਂ ਚੱਲਦਾ ਸਾਂ ਮੇਰੇ ਨਾਲ ਰਿਹਾ। [4]ਤਾਂ ਉਨ੍ਹਾਂ ਸਾਰੇ ਪਰਾਏ ਦੇਵਤੇ ਜਿਹੜੇ ਉਨ੍ਹਾਂ ਦੇ ਹੱਥਾਂ ਵਿੱਚ ਸਨ ਅਰ ਕੰਨਾਂ ਦੇ ਮੁੰਦਰੇ ਯਾਕੂਬ ਨੂੰ ਦੇ ਦਿੱਤੇ ਤਾਂ ਯਾਕੂਬ ਨੇ ਉਨ੍ਹਾਂ ਨੂੰ ਬਲੂਤ ਦੇ ਰੁੱਖ ਹੇਠ ਜਿਹੜਾ ਸ਼ਕਮ ਦੇ ਨੇੜੇ ਸੀ ਲੁਕੋ ਦਿੱਤਾ।**

**ਆਇਤ 1. ਪਰਮੇਸ਼ੁਰ**, ਜੋ ਬੈਤਏਲ ਵਿਚ **ਯਾਕੂਬ** (28:12-17) ਤੇ ਪਰਗਟ ਹੋਇਆ ਸੀ, ਉਸ ਨੇ ਇੱਕ ਵਾਰ ਫਿਰ ਇਨ੍ਹਾਂ ਸ਼ਬਦਾਂ ਦੇ ਨਾਲ ਉਸ ਨੂੰ ਚੁਨੌਤੀ ਦਿੱਤੀ: **ਉੱਠ ਅਰ ਬੈਤਏਲ ਨੂੰ ਉਤਾਹਾਂ ਜਾਹ ਅਤੇ ਉੱਥੇ ਟਿਕ।** ਬੈਤਏਲ ਸ਼ਕਮ ਤੋਂ ਲਗਭਗ ਇੱਕ ਹਜ਼ਾਰ ਫੁੱਟ ਉੱਚਾ ਹੈ, ਇਸ ਲਈ ਭੁਗੋਲਿਕ ਤੌਰ ਤੇ "ਉਤਾਹਾਂ ਜਾਹ" ਦਾ ਹੁਕਮ ਜ਼ਰੂਰੀ ਸੀ। ਪ੍ਰਭੂ ਨੇ ਅੱਗੇ ਕਿਹਾ, **ਉੱਥੇ ਪਰਮੇਸ਼ੁਰ ਲਈ ਜਿਸ ਤੈਨੂੰ ਉਸ ਵੇਲੇ ਵਿਖਾਲੀ ਦਿੱਤੀ ਸੀ ਜਦ ਤੂੰ ਆਪਣੇ ਭਰਾ ਏਸਾਓ ਕੋਲੋਂ ਭੱਜਾ ਸੀ ਇੱਕ ਜਗਵੇਦੀ ਬਣਾ।** ਪੁਰਖੇ ਆਪਣੀਆਂ ਯਾਤਰਾਵਾਂ ਤੇ ਅਕਸਰ ਵੇਦੀਆਂ ਬਣਾਉਂਦੇ ਸਨ (12:7, 8; 13:18; 22:9; 26:25; 33:20), ਪਰ ਸਿਰਫ ਇਹੋ ਇੱਕ ਦਰਜ ਕੀਤਾ ਹੋਇਆ ਸਮਾਂ ਹੈ ਕਿ ਪ੍ਰਭੂ ਨੇ ਪੁਰਖੇ ਨੂੰ ਅਜਿਹਾ ਕਰਨ ਦਾ ਹੁਕਮ ਦਿੱਤਾ ਸੀ।[1] ਸੰਖੇਪ ਵਿਚ, ਪਰਮੇਸ਼ੁਰ ਦਾ ਹੁਕਮ ਯਾਕੂਬ ਨੂੰ ਧਾਰਮਿਕ ਸੁੱਖਣਾ ਨੂੰ ਪੂਰਾ ਕਰਨ ਦੇ ਲਈ ਇੱਕ ਯਾਦਗਾਰ ਸੀ ਜੋ ਉਸ ਨੇ ਏਸਾਓ ਦੇ ਗੁੱਸੇ ਤੋਂ ਬਚਣ ਦੇ ਲਈ ਹਾਰਾਨ ਦੀ ਯਾਤਰਾ ਦੇ ਸਮੇਂ ਸੁੱਖੀ ਸੀ (28:20-22)।

**ਆਇਤ 2.** ਜਦੋਂ **ਯਾਕੂਬ** ਨੇ ਇਹ ਹੁਕਮ ਪ੍ਰਾਪਤ ਕੀਤਾ ਸੀ, ਤਾਂ ਉਸ ਨੇ ਤੁਰੰਤ **ਆਪਣੇ ਘਰਾਣੇ** (ਪਤਨੀਆਂ, ਬੱਚੇ, ਅਤੇ ਨੌਕਰ) ਅਤੇ **ਆਪਣੇ ਨਾਲ ਦੇ ਸਾਰਿਆਂ ਲੋਕਾਂ ਨੂੰ** (ਗੁਲਾਮ, ਵਿਧਵਾਵਾਂ, ਬੱਚੇ, ਸ਼ਕਮ ਦੇ ਨੌਕਰ) ਨਿਰਦੇਸ਼ ਦੇ ਕੇ ਪ੍ਰਤਿਉੱਤਰ ਦਿੱਤਾ ਕਿ **ਪਰਾਏ ਦੇਵਤਿਆਂ ਨੂੰ** ਜੋ ਉਨ੍ਹਾਂ ਦੇ ਕਬਜ਼ੇ ਵਿਚ ਸਨ **ਬਾਹ ਸੁੱਟ ਦਿਓ।** ਇਸ ਵਿਚ "ਘਰੇਲੂ ਬੁੱਤ" ਵੀ ਸ਼ਾਮਲ ਸਨ ਜਿਨ੍ਹਾਂ ਨੂੰ ਰਾਖੇਲ ਆਪਣੇ ਪਿਤਾ ਦੇ ਘਰ ਵਿਚੋਂ ਚੁਰਾ ਕੇ ਲੈ ਆਈ ਸੀ (31:19), ਉਸ ਤੋਂ ਇਲਾਵਾ ਹੋਰ ਵੀ ਜੋ ਉਸ ਦੇ ਪਰਿਵਾਰ ਜਾਂ ਨੌਕਰਾਂ ਦੇ ਕੋਲ ਸਨ, ਇਸ ਦੇ ਨਾਲ ਨਾਲ ਉਹ ਜੋ ਸ਼ਾਇਦ ਸ਼ਕਮ ਦੇ ਲੋਕ ਆਪਣੇ ਨਾਲ ਲਿਆਏ ਸਨ। ਝੂਠੇ ਦੇਵਤਿਆਂ ਨੂੰ ਦੂਰ ਕਰਨਾ ਇੱਕ ਸੱਚੇ ਪਰਮੇਸ਼ੁਰ ਦੀ ਬੰਦਗੀ ਕਰਨ ਲਈ ਮੂਲ ਆਧਾਰ ਹੈ, ਅਤੇ ਬਾਅਦ ਵਿਚ ਦਸਾਂ ਹੁਕਮਾਂ ਵਿਚ ਉਸ ਤੇ ਜ਼ੋਰ ਦਿੱਤਾ ਗਿਆ ਸੀ (ਕੂਚ 20:3-6; ਬਿਵਸਥਾ ਸਾਰ 5:7-10; ਵੇਖੋ ਯਹੋਸ਼ੁਆ 24:14; ਨਿਆਈਆਂ 10:16; 1 ਸਮੂਏਲ 7:3, 4)।

ਯਾਕੂਬ ਨੇ ਆਪਣੇ ਲੋਕਾਂ ਨੂੰ ਵੀ ਹੁਕਮ ਦਿੱਤਾ ਕਿ ਤੁਸੀਂ ਆਪਣੇ ਆਪ ਨੂੰ ਸ਼ੁੱਧ ਪਵਿੱਤਰ ਕਰੋ। ਇਹ ਉਸੇ ਤਰ੍ਹਾਂ ਹੀ ਪਰਮੇਸ਼ੁਰ ਦੀ ਹਜ਼ੂਰੀ ਵਿਚ ਦਾਖਲ ਹੋਣ ਦੇ ਲਈ ਇੱਕ ਜ਼ਰੂਰਤ ਬਣ ਗਈ ਸੀ (ਵੇਖੋ ਕੂਚ 29:4; 30:19-21)। ਪਵਿੱਤਰੀਕਰਣ ਵਿਚ ਅਕਸਰ ਬਸਤਰ ਧੋਣਾ ਅਤੇ **ਬਸਤਰ ਬਦਲ** ਲੈਣਾ ਸ਼ਾਮਲ ਹੁੰਦਾ ਸੀ (ਲੇਵੀਆਂ 6:10, 11; 2 ਸਮੂਏਲ 12:20; ਵੇਖੋ ਕੂਚ 19:10, 11)। ਅਜਿਹਾ ਪਵਿੱਤਰ ਕੀਤਾ ਜਾਣਾ ਮਹੱਤਵਪੂਰਣ ਸੀ ਕਿਉਂਕਿ, ਸ਼ਕਮ ਦੇ ਸਾਰੇ ਨਰਾਂ ਦੇ ਵੱਢੇ ਜਾਣ ਦੇ ਸਮੇਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਲੁੱਟਣ ਦੇ ਸਮੇਂ, ਯਾਕੂਬ ਦਾ ਦਲ ਉਨ੍ਹਾਂ ਦੀਆਂ ਲਾਸ਼ਾਂ ਅਤੇ ਲਹੂ ਦੇ ਸੰਪਰਕ ਵਿਚ ਆਉਣ ਦੇ ਕਾਰਣ ਅਸ਼ੁੱਧ ਹੋ ਗਿਆ ਸੀ (ਵੇਖੋ ਗਿਣਤੀ 31:19, 20, 24)। ਮਰਿਆਂ ਹੋਇਆਂ ਦੇ ਪਰਿਵਾਰ ਦੇ ਮੈਂਬਰ ਜ਼ਰੂਰ ਮਰਿਆਂ ਹੋਇਆਂ ਨੂੰ ਛੂਹਣ ਦੇ ਕਾਰਣ ਅਸ਼ੁੱਧ ਹੋ ਗਏ ਸਨ।

**ਆਇਤ 3.** ਯਾਕੂਬ ਨੇ ਆਪਣੇ ਦਲ ਨੂੰ **ਬੈਤਏਲ ਨੂੰ** ਚੜ੍ਹਣ ਅਤੇ ਉੱਥੇ **ਪਰਮੇਸ਼ੁਰ ਲਈ ਇੱਕ ਜਗਵੇਦੀ** ਬਣਾਉਣ ਲਈ ਇਸ ਲਈ ਕਿਹਾ ਕਿਉਂਕਿ ਉਸ ਨੇ (ਉਸ ਦੀ) **ਬਿਪਤਾ ਦੇ ਦਿਨ**

[ਉਸ ਨੂੰ] **ਉੱਤਰ ਦਿੱਤਾ** ਸੀ। ਯਾਕੂਬ ਕਈ ਸਾਲ ਪਹਿਲਾਂ ਦੀ ਸੁੱਖੀ ਹੋਈ ਸੁੱਖਣਾ ਦੇ ਵਿਸ਼ੇ ਵਿਚ ਸੋਚ ਰਿਹਾ ਸੀ ਜੋ ਉਸ ਨੇ ਬੈਤਏਲ ਵਿਚ ਉਸ ਸਮੇਂ ਸੁੱਖੀ ਸੀ ਜਦੋਂ ਉਹ ਏਸਾਓ ਤੋਂ ਭੱਜ ਰਿਹਾ ਸੀ: "ਜੇ ਯਹੋਵਾਹ ਪਰਮੇਸ਼ੁਰ ਮੇਰੇ ਅੰਗ ਸੰਗ ਹੋਵੇ ਅਰ ਇਸ ਮਾਰਗ ਵਿੱਚ ਜਿਸ ਵਿੱਚ ਮੈਂ ਤੁਰਿਆ ਜਾਂਦਾ ਹਾਂ ਮੇਰੀ ਰਾਖੀ ਕਰੇ ... ਤਾਂ ਯਹੋਵਾਹ ਮੇਰਾ ਪਰਮੇਸ਼ੁਰ ਹੋਵੇਗਾ।" ਇਸ ਤੋਂ ਇਲਾਵਾ ਉਸ ਨੇ ਵਾਇਦਾ ਕੀਤਾ ਕਿ ਉਹ ਸਾਰੀਆਂ ਚੀਜ਼ਾਂ ਦਾ "ਦਸੌਂਧ" ਜ਼ਰੂਰ ਦੇਵੇਗਾ ਜੋ ਪਰਮੇਸ਼ੁਰ ਉਸ ਨੂੰ ਦੇਵੇਗਾ (28:20-22)। ਕਿਉਂਕਿ ਉਹ **ਜਿਸ ਰਾਹ ਤੇ ਚੱਲਦਾ ਸੀ**, ਪਰਮੇਸ਼ੁਰ ਉਸ ਦੇ ਨਾਲ ਰਿਹਾ ਸੀ, ਇਸ ਲਈ ਯਾਕੂਬ ਹੁਣ ਕਹਿ ਰਿਹਾ ਸੀ ਕਿ ਉਸ ਨੇ ਆਪਣੀ ਸੁੱਖਣਾ ਨੂੰ ਪੂਰਾ ਕਰਨਾ ਸੀ।

**ਆਇਤ 4.** ਪੁਰਖੇ ਦੇ ਦਲ ਨੇ **ਉਨ੍ਹਾਂ ਸਾਰੇ ਪਰਾਏ ਦੇਵਤੇ ਜਿਹੜੇ ਉਨ੍ਹਾਂ ਦੇ ਹੱਥਾਂ ਵਿੱਚ ਸਨ ਅਰ ਕੰਨਾਂ ਦੇ ਮੁੰਦਰੇ ਯਾਕੂਬ ਨੂੰ ਦੇ ਦਿੱਤੇ**। ਮੁੰਦਰੇ ਸ਼ਾਇਦ ਉਨ੍ਹਾਂ ਕੀਮਤੀ ਵਸਤੂਆਂ ਦਾ ਹਿੱਸਾ ਸਨ ਜੋ ਯਾਕੂਬ ਦੇ ਪੁੱਤਰਾਂ ਨੇ ਸ਼ਕਮ ਦੇ ਲੋਕਾਂ ਨੂੰ ਲੁੱਟਣ ਦੇ ਵੇਲੇ ਲੈ ਲਏ ਸਨ (34:29), ਅਤੇ ਉਨ੍ਹਾਂ ਮੂਰਤੀਪੂਜਕ ਲੋਕਾਂ ਦੇ ਲਈ ਉਨ੍ਹਾਂ ਚੀਜ਼ਾਂ ਦਾ ਧਾਰਮਿਕ ਮਹੱਤਵ ਹੋ ਸਕਦਾ ਹੈ (ਵੇਖੋ ਨਿਆਈਆਂ 8:24-27; ਹੋਸ਼ੇਆ 2:13)।

ਮੂਰਤੀਆਂ ਅਤੇ ਮੁੰਦਰੇ ਲੈਣ ਤੋਂ ਬਾਅਦ, **ਯਾਕੂਬ ਨੇ ਉਨ੍ਹਾਂ ਨੂੰ ਬਲੂਤ ਦੇ ਰੁੱਖ ਹੇਠ ਜਿਹੜਾ ਸ਼ਕਮ ਦੇ ਨੇੜੇ ਸੀ ਲੁਕੋ ਦਿੱਤਾ**। ਇਸ ਕੰਮ ਨੇ ਸ਼ਾਇਦ ਮੂਰਤੀਪੂਜਾ ਨੂੰ ਪੂਰੀ ਤਰ੍ਹਾਂ ਦੇ ਨਾਲ ਛੱਡ ਦੇਣ ਦਾ ਸੰਕੇਤ ਦਿੱਤਾ ਹੈ। ਉਹ ਮੂਰਤੀਆਂ ਅਤੇ ਉਨ੍ਹਾਂ ਦੇ ਨਾਲ ਨਾਲ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਵੀ ਸਮਾਪਤ ਕਰ ਰਹੇ ਸਨ ਜੋ ਉਨ੍ਹਾਂ ਦੀ ਜਗਾ ਤੇ ਇਸਤੇਮਾਲ ਕੀਤੀਆਂ ਜਾ ਸਕਦੀਆਂ ਸਨ।[2] ਇਹ ਮੁੰਦਰੇ ਸ਼ਾਇਦ ਸੋਨੇ ਦੀਆਂ ਬਣੇ ਹੋ ਸਕਦੇ ਸਨ, ਜਿਵੇਂ ਉਹ ਮੁੰਦਰੇ ਸਨ ਜੋ ਸੋਨੇ ਦਾ ਵੱਛਾ ਬਣਾਉਣ ਦੇ ਲਈ ਇਸਤੇਮਾਲ ਕੀਤੇ ਗਏ ਸਨ (ਕੂਚ 32:2-4)।

## ਪਰਮੇਸ਼ੁਰ ਦਾ ਦਰਸ਼ਣ ਅਤੇ ਪਰਮੇਸ਼ੁਰ ਦੇ ਵਾਇਦੇ ਦੀ ਮੁੜ ਤਸਦੀਕ (35:5-15)

**5ਤਾਂ ਓਹ ਤੁਰ ਪਏ ਅਰ ਉਨ੍ਹਾਂ ਦੇ ਉਦਾਲੇ ਪੁਦਾਲੇ ਦੇ ਨਗਰਾਂ ਉੱਤੇ ਪਰਮੇਸ਼ੁਰ ਦਾ ਡਰ ਪੈ
ਗਿਆ ਸੋ ਉਨ੍ਹਾਂ ਨੇ ਯਾਕੂਬ ਦੇ ਪੁੱਤ੍ਰਾਂ ਦਾ ਪਿੱਛਾ ਨਾ ਕੀਤਾ। 6ਯਾਕੂਬ ਅਰ ਉਸ ਦੇ ਨਾਲ ਦੇ ਸਾਰੇ
ਲੋਕ ਲੂਜ਼ ਵਿੱਚ ਆਏ ਜਿਹੜਾ ਕਨਾਨ ਦੇ ਦੇਸ ਵਿੱਚ ਹੈ। ਏਹੋ ਹੀ ਬੈਤਏਲ ਹੈ। 7ਤਾਂ ਉਸ ਨੇ ਉੱਥੇ
ਇੱਕ ਜਗਵੇਦੀ ਬਣਾਈ ਅਰ ਉਸ ਅਸਥਾਨ ਦਾ ਨਾਉਂ ਏਲ ਬੈਤਏਲ ਸੱਦਿਆ ਕਿਉਂਜੋ ਉੱਥੇ
ਪਰਮੇਸ਼ੁਰ ਨੇ ਉਹ ਨੂੰ ਦਰਸ਼ਨ ਦਿੱਤਾ ਸੀ ਜਦ ਉਹ ਆਪਣੇ ਭਰਾ ਦੇ ਅੱਗੋਂ ਨੱਠਾ ਸੀ। 8ਤਾਂ
ਰਿਬਕਾਹ ਦੀ ਦਾਈ ਦਬੋਰਾਹ ਮਰ ਗਈ ਅਰ ਉਹ ਬੈਤਏਲ ਦੇ ਹੇਠ ਬਲੂਤ ਦੇ ਰੁੱਖ ਥਲੇ
ਦਫਨਾਈ ਗਈ ਤਾਂ ਉਸ ਦਾ ਨਾਉਂ ਅੱਲੋਨ ਬਾਕੂਰ ਰੱਖਿਆ ਗਿਆ। 9ਤਾਂ ਪਰਮੇਸ਼ੁਰ ਨੇ ਯਾਕੂਬ
ਨੂੰ ਫੇਰ ਦਰਸ਼ਨ ਦਿੱਤਾ ਜਦ ਉਹ ਪਦਨ ਅਰਾਮ ਵਿੱਚੋਂ ਆਇਆ ਸੀ ਅਰ ਉਸ ਨੂੰ ਬਰਕਤ
ਦਿੱਤੀ। 10ਤਾਂ ਪਰਮੇਸ਼ੁਰ ਨੇ ਉਸ ਨੂੰ ਆਖਿਆ, ਤੇਰਾ ਨਾਉਂ ਯਾਕੂਬ ਹੈ ਪਰ ਅੱਗੇ ਨੂੰ ਤੇਰਾ ਨਾਉਂ
ਯਾਕੂਬ ਨਹੀਂ ਪੁਕਾਰਿਆ ਜਾਵੇਗਾ ਸਗੋਂ ਤੇਰਾ ਨਾਉਂ ਇਸਰਾਏਲੀਆਂ ਹੋਵੇਗਾ ਤਾਂ ਉਸ ਨੇ ਉਸ ਦਾ
ਨਾਉਂ ਇਸਰਾਏਲੀਆਂ ਰੱਖਿਆ। 11ਤਾਂ ਪਰਮੇਸ਼ੁਰ ਨੇ ਉਸ ਨੂੰ ਆਖਿਆ, ਮੈਂ ਸਰਬਸ਼ਕਤੀਮਾਨ
ਪਰਮੇਸ਼ੁਰ ਹਾਂ। ਤੂੰ ਫਲ ਅਰ ਵਧ ਅਰ ਕੌਮ ਸਗੋਂ ਕੌਮਾਂ ਦੇ ਜੱਥੇ ਤੈਥੋਂ ਹੋਣਗੇ ਅਰ ਰਾਜੇ ਤੇਰੇ
ਤੁਖਮ ਤੋਂ ਨਿੱਕਲਣਗੇ। 12ਅਰ ਉਹ ਧਰਤੀ ਜਿਹੜੀ ਮੈਂ ਅਬਰਾਹਾਮ ਅਤੇ ਇਸਹਾਕ ਨੂੰ ਦਿੱਤੀ**

**ਸੀ ਮੈਂ ਤੈਨੂੰ ਦਿਆਂਗਾ ਅਤੇ ਮੈਂ ਤੇਰੇ ਪਿੱਛੋਂ ਤੇਰੀ ਅੰਸ ਨੂੰ ਏਹ ਧਰਤੀ ਦਿਆਂਗਾ। [13]ਅਤੇ ਪਰਮੇਸ਼ੁਰ ਉਸ ਦੇ ਕੋਲੋਂ ਉਸ ਅਸਥਾਨ ਤੋਂ ਜਿੱਥੇ ਉਹ ਉਸ ਦੇ ਨਾਲ ਗੱਲ ਕਰਦਾ ਸੀ ਉਤਾਹਾਂ ਨੂੰ ਗਿਆ। [14]ਤਾਂ ਯਾਕੂਬ ਨੇ ਉਸ ਥਾਂ ਉੱਤੇ ਇੱਕ ਥੰਮ੍ਹ ਖੜਾ ਕੀਤਾ ਜਿੱਥੇ ਉਸ ਉਹ ਦੇ ਨਾਲ ਗੱਲ ਕੀਤੀ ਅਰਥਾਤ ਪੱਥਰ ਦਾ ਇੱਕ ਥੰਮ੍ਹ ਅਰ ਉਸ ਦੇ ਉੱਤੇ ਪੀਣ ਦੀ ਭੇਟ ਡੋਹਲੀ ਅਰ ਤੇਲ ਚੁਆਇਆ। [15]ਅਰ ਯਾਕੂਬ ਨੇ ਉਸ ਅਸਥਾਨ ਦਾ ਨਾਉਂ ਜਿੱਥੇ ਪਰਮੇਸ਼ੁਰ ਨੇ ਉਹ ਦੇ ਨਾਲ ਗੱਲ ਕੀਤੀ ਸੀ ਬੈਤਏਲ ਰੱਖਿਆ।**

**ਆਇਤ 5.** ਆਖਿਰਕਾਰ, ਯਾਕੂਬ ਅਤੇ ਉਸ ਦੇ ਪਰਿਵਾਰ ਨੇ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੇ ਲਈ ਸ਼ਕਮ ਨੂੰ ਛੱਡ ਦਿੱਤਾ। ਯਾਕੂਬ ਨੂੰ ਡਰ ਸੀ ਕਿ ਜਦੋਂ ਕਨਾਨੀ ਅਤੇ ਪਰਿੱਜੀ ਲੋਕਾਂ ਨੂੰ ਪਤਾ ਲੱਗੇਗਾ ਕਿ ਉਸ ਦੇ ਪੁੱਤਰਾਂ ਨੇ ਸ਼ਕਮ ਦੇ ਲੋਕਾਂ ਦੇ ਨਾਲ ਕੀ ਕੀਤਾ ਹੈ (34:30)। ਮਨੁੱਖੀ ਨਜ਼ਰੀਏ ਤੋਂ, ਪੁਰਖੇ ਦੇ ਕੋਲ ਆਸ-ਪਾਸ ਦੀਆਂ ਕੌਮਾਂ ਤੋਂ ਡਰਨ ਦਾ ਇੱਕ ਉਚਿਤ ਕਾਰਣ ਸੀ ਕਿਉਂਕਿ ਉਸ ਸਮੇਂ ਕਨਾਨ ਦੇ ਮੂਰਤੀਪੂਜਕ ਲੋਕਾਂ ਦੀ ਤੁਲਨਾ ਵਿਚ ਉਸ ਦੇ ਦਲ ਦੀ ਸੰਖਿਆ ਬਹੁਤ ਹੀ ਘੱਟ ਸੀ। ਭਾਵੇਂ ਯਾਕੂਬ ਡਰਿਆ ਹੋਇਆ ਸੀ, ਪਰ ਫਿਰ ਵੀ ਉਨ੍ਹਾਂ ਲੋਕਾਂ ਦੀ ਪ੍ਰਤਿਕਿਰਿਆ ਉਨ੍ਹਾਂ ਦੇ ਅਨੁਮਾਨ ਤੋਂ ਉਲਟ ਸੀ। **ਤਾਂ ਉਹ ਤੁਰ ਪਏ, ਉਨ੍ਹਾਂ ਦੇ ਉਦਾਲੇ ਪੁਦਾਲੇ ਦੇ ਨਗਰਾਂ ਉੱਤੇ ਪਰਮੇਸ਼ੁਰ ਦਾ ਡਰ ਪੈ ਗਿਆ**, ਜਿਸ ਨੇ ਉਨ੍ਹਾਂ ਨੂੰ ਬਦਲਾ ਲੈਣ ਤੋਂ ਰੋਕ ਦਿੱਤਾ। ਇੱਕ ਵਾਰ ਫਿਰ, ਪਰਮੇਸ਼ੁਰ ਆਪਣੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਿਚ, ਵਿਸ਼ਵਾਸਯੋਗ ਰਿਹਾ। ਉੱਥੋਂ ਦੇ ਵਸਨੀਕਾਂ ਨੇ **ਯਾਕੂਬ ਦੇ ਪੁੱਤ੍ਰਾਂ ਦਾ ਪਿੱਛਾ ਨਾ ਕੀਤਾ**। ਰੱਬੀ ਛੁਟਕਾਰੇ ਦੇ ਇਸ ਅਨੁਭਵ ਨੇ ਕਨਾਨ ਦੇਸ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਸਰਾਏਲੀਆਂ ਨੂੰ ਪਰਮੇਸ਼ੁਰ ਦੇ ਵਾਇਦਿਆਂ ਦੀ ਉਮੀਦ ਦਿਵਾਈ ਸੀ (ਕੂਚ 23:27, 28; ਬਿਵਸਥਾ ਸਾਰ 7:20-24)।

**ਆਇਤ 6.** ਲਿਖਤ ਉਸ ਸ਼ਹਿਰ ਦੇ ਲਈ, ਇਹ ਕਹਿੰਦੇ ਹੋਏ ਪੁਰਾਣੇ ਨਾਮ ਨੂੰ ਇਸਤੇਮਾਲ ਕਰਦੀ ਹੈ ਕਿ ਪੁਰਖੇ **ਯਾਕੂਬ ਅਤੇ ਉਸ ਦੇ ਨਾਲ ਦੇ ਸਾਰੇ ਲੋਕ ਲੂਜ਼ ਵਿੱਚ ਆਏ (ਇਹੋ ਹੀ ਬੈਤਏਲ ਹੈ)**। ਇਹ ਜਾਣਕਾਰੀ 28:19 ਤੋਂ ਦੁਹਰਾਈ ਗਈ ਹੈ। ਸ਼ਾਇਦ ਲੇਖਕ ਨੇ ਉਸ ਸਥਾਨ ਤੇ ਪਰਮੇਸ਼ੁਰ ਦੇ ਨਾਲ ਯਾਕੂਬ ਦੇ ਪਿਛਲੇ ਅਨੁਭਵ ਦੇ ਵਿਸ਼ੇ ਵਿਚ ਆਪਣੇ ਪਾਠਕਾਂ ਨੂੰ ਯਾਦ ਦਿਵਾਉਣ ਦੇ ਲਈ ਦੋਹਰੇ ਨਾਮ ਦਾ ਹਵਾਲਾ ਦਿੱਤਾ ਹੈ (28:10-22)।

**ਆਇਤ 7.** ਪ੍ਰਭੂ ਦੇ ਹੁਕਮ ਦੀ ਪਾਲਣਾ ਕਰਦੇ ਹੋਏ (35:1), ਯਾਕੂਬ **ਉੱਥੇ ਇੱਕ ਜਗਵੇਦੀ ਬਣਾਈ ਅਰ ਉਸ ਅਸਥਾਨ ਦਾ ਨਾਉਂ ਏਲ ਬੈਤਏਲ ਸੱਦਿਆ**। ਜਦੋਂ ਉਹ ਇਸ ਸਥਾਨ ਤੇ ਪਹੁੰਚਿਆ, ਤਾਂ ਯਾਕੂਬ ਨੇ ਬੈਤਏਲ ("ਪਰਮੇਸ਼ੁਰ ਦਾ ਘਰ") ਦਾ ਨਾਮ ਦੁਬਾਰਾ ਰੱਖਿਆ, ਇਸ ਲਈ ਇਸ ਦਾ ਨਾਮ ਏਲ ਬੈਤਏਲ ("ਪਰਮੇਸ਼ੁਰ ਦੇ ਘਰ ਦਾ ਪਰਮੇਸ਼ੁਰ") ਹੋ ਗਿਆ। ਇਹ ਨਾਮ ਦਾ ਬਦਲਣਾ ਯਾਕੂਬ ਦੇ ਪਰਮੇਸ਼ੁਰ ਦੇ ਉੱਤੇ ਧਿਆਨ ਕੇਂਦਰਿਤ ਕਰਨ ਨੂੰ ਦਰਸਾਉਂਦਾ ਹੈ, ਜਿਸ ਨੇ **ਉਸ ਨੂੰ ਉਸ ਸਮੇਂ ਦਰਸ਼ਨ ਦਿੱਤਾ ਸੀ ਜਦ ਉਹ ਆਪਣੇ ਭਰਾ ਦੇ ਅੱਗੋਂ ਨੱਠਾ ਸੀ**। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਇਸ ਸਥਾਨ ਵਿਚ ਕੋਈ ਪਵਿੱਤਰਤਾ ਨਹੀਂ ਸੀ; ਇਹ ਸਧਾਰਣ ਤੌਰ ਤੇ ਇੱਕ ਸਥਾਨ ਸੀ ਜਿੱਥੇ ਪਹਿਲੀ ਵਾਰ ਉਸ ਦੀ ਮੁਲਾਕਾਤ ਇੱਕ ਸੱਚੇ ਪਰਮੇਸ਼ੁਰ ਨਾਲ ਹੋਈ ਸੀ। ਪਰਮੇਸ਼ੁਰ ਉਸ ਤੇ ਪਰਗਟ ਹੋਇਆ ਸੀ ਅਤੇ ਉਸ ਨੇ ਵਾਇਦਾ ਕੀਤਾ ਸੀ ਕਿ ਉਹ ਜਿੱਥੇ ਕਿਤੇ ਵੀ ਜਾਵੇਗਾ ਉਸ ਨੂੰ ਬਰਕਤ ਦੇਵੇਗਾ। ਹੁਣ, ਬਹੁਤ ਸਾਲਾਂ ਤੋਂ ਬਾਅਦ, ਯਾਕੂਬ ਨੇ ਵੇਖਿਆ ਕਿ ਪੁਰਖੇ ਦੇ ਨਾਕਾਮ ਹੋਣ ਦੇ ਬਾਵਜੂਦ ਵੀ ਪਰਮੇਸ਼ੁਰ ਨੇ ਆਪਣੇ ਸਾਰੇ ਵਾਇਦਿਆਂ

ਨੂੰ ਪੂਰਾ ਕੀਤਾ ਸੀ। ਜਗਾ ਨੂੰ ਦੂਸਰੀ ਵਾਰ ਨਾਮ ਦੇਣ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਪ੍ਰਭੂ ਦੇ ਪ੍ਰਤਿ ਯਾਕੂਬ ਦੀ ਬੁੱਧ ਹੋਰ ਵੀ ਗਹਿਰੀ ਹੋ ਗਈ ਸੀ।

**ਆਇਤ 8.** ਇਸ ਤੋਂ ਬਾਅਦ ਲੇਖਕ ਨੇ ਇੱਕ ਉਤਸੁਕਤਾ ਭਰਿਆ ਨੋਟ ਵੀ ਸ਼ਾਮਲ ਕੀਤਾ। ਉਸ ਨੇ ਦੱਸਿਆ ਕਿ **ਦਬੋਰਾਹ, ਰਿਬਕਾਹ ਦੀ ਦਾਈ ਮਰ ਗਈ ਅਰ ਉਹ ਬੈਤਏਲ ਦੇ** [ਦੱਖਣ ਵਿਚ] **ਹੇਠ ਬਲੂਤ ਦੇ ਰੁੱਖ ਥਲੇ ਦਫਨਾਈ ਗਈ**। ਇਸ ਸਥਾਨ ਦਾ ਨਾਂ **ਅੱਲੋਨ ਬਾਕੂਥ ਸੀ**, ਜਿਸ ਦਾ ਅਰਥ ਹੈ "ਰੋਣ ਦਾ ਬਲੂਤ।" ਇਸ ਜਾਣਕਾਰੀ ਨੂੰ ਸ਼ਾਮਲ ਕਰਨਾ ਅਜੀਬ ਗੱਲ ਹੈ ਕਿਉਂਕਿ ਜਦੋਂ ਤੋਂ ਉਸ ਨੇ ਲਗਭਗ ਤੀਹ ਸਾਲ ਪਹਿਲਾਂ ਯਾਕੂਬ ਨੂੰ ਹਾਰਾਨ ਵਿਚ ਭੇਜ ਦਿੱਤਾ ਸੀ ਉਸ ਸਮੇਂ ਤੋਂ ਇਹ ਉਸ ਦਾ ਪਹਿਲਾ ਉਲੇਖ ਹੈ (27:42-28:5; 29:12)। ਬਿਨਾਂ ਚੂਕ ਤੋਂ, ਉਤਪਤੀ ਦਾ ਖਾਤਾ ਸਾਨੂੰ ਸਾਰੇ ਪਿਤਾਪੁਰਖਾਂ ਦੀ ਮੌਤ ਅਤੇ ਦਫਨਾਏ ਜਾਣ ਦੇ ਵਿਸ਼ੇ ਵਿਚ ਜਾਣਕਾਰੀ ਦਿੰਦਾ ਹੈ (ਅਬਰਾਹਾਮ 25:7-11; ਇਸਹਾਕ 35:28, 29; ਅਤੇ ਯਾਕੂਬ 49:33)। ਇਸ ਦੇ ਨਾਲ ਨਾਲ, ਇਸ ਤੋਂ ਇਲਾਵਾ, ਕਹਾਣੀ ਪੁਰਖੇ ਅਤੇ ਉਸ ਦੀਆਂ ਦੋ ਪ੍ਰਾਥਮਿਕ ਪਤਨੀਆਂ ਦੀ ਮੌਤ ਅਤੇ ਦਫਨਾਇਆ ਜਾਵੇਗਾ (ਸਾਰਾਹ 23:1-20 ਅਤੇ ਰਾਖੇਲ 35:19)। ਰਿਬਕਾਹ ਨਿਯਮ ਦੇ ਲਈ ਅਪਵਾਦ ਹੈ; ਉਸ ਦਾ ਇਕਮਾਤਰ ਇੱਕ ਹੋਰ ਉਲੇਖ 49:31 ਵਿਚ ਇੱਕ ਸੰਖੇਪ ਸਾਰ ਟਿੱਪਣੀ ਵਿਚ ਹੈ। ਸ਼ਾਇਦ ਉਸ ਦਾ ਕਾਰਣ ਇਹ ਹੈ ਕਿ ਦੁਬਾਰਾ ਕਦੀ ਵੀ ਉਸ ਨੇ ਆਪਣੇ ਪਿਆਰੇ ਪੁੱਤਰ ਨੂੰ ਨਹੀਂ ਵੇਖਿਆ। ਜਦੋਂ ਉਹ ਮਰ ਗਈ ਤਾਂ ਸਪੱਸ਼ਟ ਰੂਪ ਵਿਚ ਹਾਰਾਨ ਵਿਚ ਸੀ ਅਤੇ ਉਸ ਦੇ ਦਫਨਾਏ ਜਾਣ ਦੇ ਵਿਚ ਉਸ ਦਾ ਕੋਈ ਵੀ ਹਿੱਸਾ ਨਹੀਂ ਸੀ। ਜਦੋਂ ਯਾਕੂਬ ਕਨਾਨ ਨੂੰ ਵਾਪਸ ਆਇਆ, ਤਾਂ ਉਸ ਦੀ ਮਾਂ ਪਹਿਲਾਂ ਤੋਂ ਹੀ ਮਰ ਚੁੱਕੀ ਸੀ।

"ਰਿਬਕਾਹ ਦੀ ਦਾਈ" ਨੂੰ ਕਥਾ ਵਿਚ ਪਹਿਲਾਂ ਪੇਸ਼ ਕੀਤਾ ਗਿਆ ਸੀ, ਜਦੋਂ ਉਹ ਇਸਹਾਕ ਦੀ ਪਤਨੀ ਦੇ ਰੂਪ ਵਿਚ ਰਿਬਕਾਹ ਦੀ ਨਵੀਂ ਭੂਮਿਕਾ ਵਿਚ ਉਸ ਦੀ ਮਦਦ ਕਰਨ ਦੇ ਲਈ ਹਾਰਾਨ ਨੂੰ ਛੱਡ ਕੇ ਕਨਾਨ ਵਿਚ ਆਈ ਸੀ (ਵੇਖੋ ਟਿੱਪਣੀਆਂ 24:59)। ਲੇਖਕ ਨੇ ਇਸ ਤੱਥ ਨੂੰ ਰਾਖਵਾਂ ਰੱਖਿਆ ਕਿ ਦਾਈ ਦਾ ਨਾਮ "ਦਬੋਰਾਹ" ਸੀ। ਰਿਬਕਾਹ ਦੀ ਦਾਈ ਦੇ ਦ ਰਿਬਕਾਹ ਦੀ ਦਾਈ ਦੇ ਕਫਨ-ਦਫਨ ਦੇ ਵਿਚ ਭਾਗ ਲੈਣ ਦੇ ਦੁਆਰਾ, ਯਾਕੂਬ ਨੇ ਆਪਣੀ ਮਰ ਚੁੱਕੀ ਮਾਂ ਦੇ ਵਿਸ਼ੇ ਵਿਚ ਆਦਰ ਨੂੰ ਪਰਗਟ ਕੀਤਾ।

**ਆਇਤਾਂ 9, 10.** ਇਹ ਬਿਆਨ ਉਲਝਣ ਭਰਿਆ ਹੈ ਕਿ **ਤਾਂ ਪਰਮੇਸ਼ੁਰ ਨੇ ਯਾਕੂਬ ਨੂੰ ਫੇਰ ਦਰਸ਼ਨ ਦਿੱਤਾ ਜਦ ਉਹ ਪਦਨ ਅਰਾਮ** [ਹਾਰਾਨ] **ਵਿੱਚੋਂ ਆਇਆ ਸੀ ...**। ਸ਼ਾਇਦ ਇਹ ਸ਼ਕਮ ਵਿਚ ਪੁਰਖੇ ਦੇ ਨਾਲ ਗੱਲ ਕਰਨ ਤੋਂ ਬਾਅਦ ਦੂਸਰੇ ਦਰਸ਼ਣ ਬਾਰੇ ਦੱਸਦਾ ਹੈ (35:1)। ਵਧੇਰੇ ਸੰਭਾਵਨਾ ਇਹ ਹੈ, ਕਿ ਇਹ ਪ੍ਰਸੰਗ ਕਈ ਸਾਲ ਪਹਿਲਾਂ ਬੈਤਏਲ ਵਿਚ ਹੋਏ ਦਰਸ਼ਣ ਦੇ ਵਾਂਗ ਦਿਖਦਾ ਹੈ (28:10-17)। ਪਰ, ਇਸ ਮੌਕੇ ਤੇ, ਪ੍ਰਭੂ ਨੇ ਜੋ ਕੁਝ ਯਾਕੂਬ ਨੂੰ ਪਹਿਲਾਂ ਕਿਹਾ ਸੀ ਉਸ ਦੀ ਪੁਸ਼ਟੀ ਕੀਤੀ, ਜੋੜਿਆ, ਅਤੇ ਉਸ ਨੂੰ ਸਮਝਾਇਆ। ਪਹਿਲਾ, ਉਸ ਨੇ ਇਹ ਦੁਹਰਾਉਂਦੇ ਹੋਏ **ਉਹ ਨੂੰ ਬਰਕਤ ਦਿੱਤੀ** ਕਿ ਭਾਵੇਂ ਉਸ ਦਾ **ਨਾਉਂ ਯਾਕੂਬ** ਸੀ, **ਪਰ ਅੱਗੇ ਤੋਂ** ਉਸ ਦਾ **ਨਾਉਂ ਯਾਕੂਬ ਨਹੀਂ ਪੁਕਾਰਿਆ ਜਾਵੇਗਾ। ਸਗੋਂ,** ਪ੍ਰਭੂ ਨੇ **ਉਸ ਦਾ ਨਾਉਂ ਇਸਰਾਏਲੀਆਂ ਰੱਖਿਆ**, ਜੋ ਇੱਕ ਬਦਲੇ ਹੋਏ ਵਿਅਕਤੀ ਦੇ ਲਈ ਉਚਿਤ ਸੀ (32:28)। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪਰਮੇਸ਼ੁਰ ਨੇ, ਦਯਾ ਕਰਕੇ ਯਾਕੂਬ ਨੂੰ ਇਹ ਨਹੀਂ ਦਿੱਤਾ ਸੀ, ਸਗੋਂ; ਇਹ ਉਹ ਉਮੀਦ ਕੀਤਾ ਸਮਾਂ ਸੀ ਜਦੋਂ ਲੋਕ ਵਾਇਦਾ ਕੀਤੇ ਦੇਸ ਵਿਚ ਉਸ ਦੀ ਸੰਤਾਨ ਨੂੰ

"ਇਸਰਾਏਲੀਆਂ" ਕਹਿਣਗੇ (ਯਹੋਸ਼ੁਆ 3:17; 8:24; 13:6) ਜਾਂ "ਇਸਰਾਏਲੀ" ਪੁਕਾਰਣਗੇ (1 ਸਮੂਏਲ 2:14; 14:21; 29:1)।

**ਆਇਤਾਂ 11-13.** ਜਦੋਂ **ਪਰਮੇਸ਼ੁਰ** ਨੇ ਆਪਣੇ ਨੇਮ ਨੂੰ ਜੋ ਉਸ ਨੇ ਅਬਰਾਹਾਮ ਦੇ ਨਾਲ ਬੰਨਿਆ ਸੀ ਨਵਾਂ ਕੀਤਾ ਤਾਂ ਉਸ ਨੇ ਯਾਕੂਬ ਨੂੰ ਹੋਰ ਵੀ ਬਰਕਤਾਂ ਦਿੱਤੀਆਂ। ਉਸ ਨੇ ਆਪਣੇ ਆਪ ਦੀ ਪਛਾਣ **ਸਰਬਸ਼ਕਤੀਮਾਨ ਪਰਮੇਸ਼ੁਰ** ਦੇ ਰੂਪ ਵਿਚ ਦਿੱਤੀ (ਵੇਖੋ 17:1, 2) ਅਤੇ ਪੁਰਖੇ ਨੂੰ ਹੁਕਮ ਦਿੱਤਾ ਕਿ **ਤੂੰ ਫਲ ਅਰ ਵਧ।** ਇਹ ਉਹੀ ਹੁਕਮ ਸੀ ਜੋ ਆਦਮ ਅਤੇ ਹੱਵਾਹ ਨੂੰ ਦਿੱਤਾ ਗਿਆ ਸੀ (1:28), ਨੂਹ ਅਤੇ ਉਸ ਦੇ ਪੁੱਤਰਾਂ ਦੇ ਨਾਲ ਦੁਹਰਾਇਆ ਗਿਆ ਸੀ (9:1), ਅਤੇ ਇਸਹਾਕ ਦੁਆਰਾ ਉਚਾਰਿਆ ਗਿਆ ਸੀ ਜਦੋਂ ਉਸ ਨੇ ਆਪਣੇ ਛੋਟੇ ਪੁੱਤਰ ਨੂੰ ਹਾਰਾਨ ਵਿਚ ਭੇਜਿਆ ਸੀ (28:1-3)। ਇਹ ਹੁਕਮ ਅਜੀਬ ਲੱਗਦਾ ਹੈ ਕਿਉਂਕਿ ਯਾਕੂਬ ਦੇ ਪਹਿਲਾਂ ਤੋਂ ਹੀ ਗਿਆਰਾਂ ਪੁੱਤਰ ਅਤੇ ਇੱਕ ਧੀ ਸੀ, ਅਤੇ ਰਾਖੇਲ ਜਲਦੀ ਹੀ ਬਿਨਯਾਮੀਨ ਨੂੰ ਜਨਮ ਦੇਣ ਵਾਲੀ ਸੀ (35:16-19)। ਇੱਕ ਵਾਰ ਫਿਰ, ਪਰਮੇਸ਼ੁਰ ਦੁਆਰਾ ਇਹ ਘੋਸ਼ਣਾ ਇੱਕ ਸਧਾਰਣ ਘੋਸ਼ਣਾ ਸੀ ਜਿਸ ਨੇ ਉਸ ਦੇ ਬੱਚਿਆਂ ਅਤੇ ਉਨ੍ਹਾਂ ਦੀ ਅੰਸ ਨੂੰ ਫਲਦਾਇਕ ਕਰਨ ਦੀ ਉਮੀਦ ਦਿੱਤੀ ਸੀ। ਸਮੇਂ ਦੇ ਨਾਲ, ਉਹ ਇੱਕ **ਕੌਮ ਸਗੋਂ ਕੌਮਾਂ ਦੇ ਜੱਥੇ** ਹੋ ਜਾਣਗੇ ਅਤੇ **ਰਾਜੇ** ਉਸ ਤੋਂ **ਨਿੱਕਲਣਗੇ** (ਹੋਣਗੇ) (35:11; ਵੇਖੋ 17:4-6, 16)। ਆਖਿਰਕਾਰ, **ਉਹ ਧਰਤੀ** ਜਿਸ ਦਾ ਪਰਮੇਸ਼ੁਰ ਨੇ **ਅਬਰਾਹਾਮ ਅਤੇ ਇਸਹਾਕ ਨੂੰ** ਦੇਣ ਦਾ ਵਾਇਦਾ ਕੀਤਾ ਸੀ (17:7, 8; 26:3), ਹੁਣ ਉਸ ਨੇ ਯਾਕੂਬ ਅਤੇ ਉਸ ਤੋਂ ਬਾਅਦ ਉਸ ਦੀ **ਅੰਸ ਨੂੰ** ਦੇਣ ਦਾ ਵਾਇਦਾ ਕੀਤਾ ਸੀ (35:12; ਵੇਖੋ 28:4)। ਫਿਰ, ਜਿਵੇਂ 17:22 ਵਿਚ "ਪਰਮੇਸ਼ੁਰ ਅਬਰਾਹਾਮ ਕੋਲੋਂ ਉਤਾਹਾਂ ਚਲਾ ਗਿਆ," ਉਸੇ ਤਰ੍ਹਾਂ ਉਸ ਦੇ ਨਾਲ ਗੱਲ ਕਰਨ ਤੋਂ ਬਾਅਦ **ਪਰਮੇਸ਼ੁਰ** ਯਾਕੂਬ **ਦੇ ਕੋਲੋਂ ... ਉਤਾਹਾਂ ਨੂੰ ਗਿਆ** (35:13)।

**ਆਇਤ 14.** ਬੈਤਏਲ ਵਿਚ ਆਪਣੀ ਪਹਿਲੀ ਆਮਦ ਤੇ, **ਯਾਕੂਬ** ਨੇ ਇੱਕ ਵੇਦੀ ਬਣਾਈ (35:1, 7)। ਹੁਣ, ਪਰਮੇਸ਼ੁਰ ਦੇ ਦਰਸ਼ਣ ਦੇ ਪ੍ਰਤਿਉੱਤਰ ਵਿਚ, ਉਸ ਨੇ **ਉਸ ਥਾਂ ਉੱਤੇ ਇੱਕ ਥੰਮ੍ਹ ਅਰ ਉਹ ਉਸ ਦੇ ਨਾਲ ਗੱਲ ਕੀਤੀ** ਸੀ। ਫਿਰ ਯਾਕੂਬ ਨੇ **ਉਸ ਦੇ ਉੱਤੇ ਪੀਣ ਦੀ ਭੇਟ ਡੋਹਲੀ** [ਡੋਹਲਣ] ਦੇ ਦੁਆਰਾ **ਪੱਥਰ ਦਾ ਇੱਕ ਥੰਮ੍ਹ** ਪਵਿੱਤਰ ਕਰਕੇ ਖੜਾ ਕਰ ਦਿੱਤਾ। ਉਤਪਤ ਦੀ ਪੁਸਤਕ ਦੇ ਵਿਚ ਪੀਣ ਦੀ ਭੇਟ ਦਾ ਇਹੋ ਇੱਕੋ ਇੱਕ ਹਵਾਲਾ ਹੈ, ਹਾਲਾਂਕਿ ਬਾਅਦ ਵਿਚ ਇਹ ਇਸਰਾਏਲੀ ਬੰਦਗੀ ਦਾ ਆਮ ਅਭਿਆਸ ਸੀ (ਕੂਚ 29:40, 41; ਲੇਵੀਆਂ 23:13; ਗਿਣਤੀ 4:7; 6:15; 15:5)। ਪੀਣ ਦੀ ਭੇਟ ਤੋਂ ਇਲਾਵਾ, ਯਾਕੂਬ ਨੇ ਫਿਰ **ਉਸ ਦੇ ਉੱਤੇ ਤੇਲ ਚੁਆਇਆ** [ਚੁਆ ਕੇ] ਫਿਰ ਥੰਮ੍ਹ ਨੂੰ ਪਵਿੱਤਰ ਕੀਤਾ (ਵੇਖੋ 28:18)।

**ਆਇਤ 15.** ਪ੍ਰਭੂ ਦੇ ਦਰਸ਼ਣ ਨੇ ਪੁਰਖੇ ਨੂੰ ਪ੍ਰੇਰਿਤ ਕੀਤਾ; ਜਦਕਿ ਉਸ ਨੇ ਇਸ ਵਾਰ ਬੈਤਏਲ ਨੂੰ ਇੱਕ "ਭਿਆਨਕ" ਸਥਾਨ ਦੇ ਰੂਪ ਵਿਚ ਨਹੀਂ ਦਰਸਾਇਆ (ਵੇਖੋ 28:17), ਉਸ ਨੇ ਇਸ ਨੂੰ ਇਸ ਤਰੀਕੇ ਦੇ ਨਾਲ ਸਮਝ ਲਿਆ। ਇੱਕ ਸੰਖੇਪ ਬਿਆਨ ਵਿਚ, ਲਿਖਤ ਕਹਿੰਦੀ ਹੈ, **ਯਾਕੂਬ ਨੇ ਉਸ ਅਸਥਾਨ ਦਾ ਨਾਉਂ ਜਿੱਥੇ ਪਰਮੇਸ਼ੁਰ ਨੇ ਉਹ ਦੇ ਨਾਲ ਗੱਲ ਕੀਤੀ ਸੀ ਬੈਤਏਲ ਰੱਖਿਆ।** ਥੰਮ੍ਹ ਨੂੰ ਖੜਾ ਕਰਨ ਦਾ ਅਤੇ ਇਸ ਸਥਾਨ ਦਾ ਨਾਮ ਬਦਲਣ ਦੇ ਸੰਸਕਾਰ ਪੁਰਖੇ ਦੇ ਲਈ ਮਹੱਤਵਪੂਰਣ ਸਨ, ਕਿਉਂਕਿ ਉਸ ਇਲਾਕੇ ਵਿਚ ਰਹਿਣ ਵਾਲੇ ਲੋਕ ਬਹੁਤ ਸਾਲ ਪਹਿਲਾਂ ਦੇ ਉਸ ਦੇ ਤਜ਼ਰਬੇ ਦੇ ਵਿਸ਼ੇ ਵਿਚ ਨਹੀਂ ਜਾਣਦੇ ਸਨ ਅਤੇ ਇਸ ਗੱਲ ਤੋਂ ਅਣਜਾਣ ਸਨ ਇਸ ਦਾ ਨਾਮ ਬਦਲ ਕੇ ਬੈਤਏਲ ਰੱਖ ਦਿੱਤਾ ਸੀ। ਇਸ ਤੋਂ ਇਲਾਵਾ, ਜਦੋਂ ਯਾਕੂਬ ਪਹਿਲੀ ਵਾਰ

ਪਰਮੇਸ਼ੁਰ ਦੇ ਨਾਲ ਮਿਲਿਆ ਸੀ ਤਾਂ ਉਸ ਦੀਆਂ ਪਤਨੀਆਂ ਅਤੇ ਬੱਚੇ ਮੌਜੂਦ ਨਹੀਂ ਸਨ, ਇਸ ਲਈ ਉਹ ਇਸ ਦਰਸ਼ਣ ਦੇ ਮਹੱਤਵ ਨੂੰ ਨਹੀਂ ਸਮਝ ਸਕੇ ਸਨ। ਇੱਕ ਜਵਾਨ ਆਦਮੀ ਦੇ ਰੂਪ ਵਿਚ ਜੋ ਆਪਣੇ ਭਰਾ ਦੀ ਜਾਨ ਤੋਂ ਮਾਰ ਦੇਣ ਦੀ ਧਮਕੀ ਦੇ ਕਾਰਣ ਆਪਣੀ ਜਾਨ ਬਚਾਉਣ ਦੇ ਲਈ ਭੱਜ ਰਿਹਾ ਸੀ, ਬੈਤਏਲ ਤੋਂ ਹਾਰਾਨ ਜਾਣ ਦੇ ਸਮੇਂ ਉਸ ਦੇ ਕੋਲ ਪਰਮੇਸ਼ੁਰ ਦੇ ਵਾਇਦੇ ਤੋਂ ਇਲਾਵਾ ਕਿ ਉਹ ਉਸ ਦੇ ਨਾਲ ਰਹੇਗਾ ਅਤੇ ਉਸ ਦੀ ਯਾਤਰਾ ਵਿਚ ਉਸ ਨੂੰ ਬਰਕਤ ਦੇਵੇਗਾ ਉਸ ਦੇ ਕੋਲ ਹੋਰ ਕੁਝ ਵੀ ਨਹੀਂ ਸੀ। ਉਹ ਪੂਰਾ ਘੁੰਮਕੇ, ਉਸ ਸਮੇਂ ਤੇ ਵਾਪਸ ਆਇਆ ਸੀ, ਜਿੱਥੇ ਰੱਬੀ ਵਾਇਦੇ ਕੀਤੇ ਗਏ ਸਨ, ਅਤੇ ਉਸ ਨੇ ਕਾਫੀ ਹੱਦ ਤੱਕ ਉਨ੍ਹਾਂ ਨੂੰ ਪੂਰਾ ਹੁੰਦਾ ਵੇਖਿਆ ਸੀ। ਇਸ ਸਭ ਨੇ ਉਸ ਦੇ ਲਈ ਅਤੇ ਉਸ ਦੇ ਪਰਿਵਾਰ ਦੇ ਲਈ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਇਹ ਸੱਚਮੁੱਚ ਬੈਤਏਲ: "ਪਰਮੇਸ਼ੁਰ ਦਾ ਘਰ" ਹੈ।

## ਬੈਤਏਲ ਤੋਂ ਬਾਅਦ ਦੀਆਂ ਘਟਨਾਵਾਂ (35:16-29)

### ਬਿਨਯਾਮੀਨ ਨੂੰ ਜਨਮ ਦਿੰਦਿਆਂ ਰਾਖੇਲ ਦੀ ਮੌਤ (35:16-21)

**16ਤਾਂ ਉਹ ਬੈਤਏਲ ਤੋਂ ਤੁਰ ਪਏ ਅਰ ਜਾਂ ਅਫਰਾਥ ਕੁਝ ਦੂਰ ਰਹਿੰਦਾ ਸੀ ਤਾਂ ਰਾਖੇਲ ਜਣਨ ਲੱਗੀ ਅਰ ਉਸ ਨੂੰ ਜਣਨ ਦਾ ਸਖ਼ਤ ਕਸ਼ਟ ਹੋਇਆ। 17ਤਾਂ ਐਉਂ ਹੋਇਆ ਕਿ ਜਾਂ ਉਹ ਜਣਨ ਦੇ ਕਸ਼ਟ ਵਿੱਚ ਸੀ ਤਾਂ ਦਾਈ ਨੇ ਉਸ ਨੂੰ ਆਖਿਆ, ਨਾ ਡਰ ਕਿਉਂਜੋ ਏਹ ਵੀ ਤੇਰਾ ਇੱਕ ਪੁੱਤ੍ਰ ਹੈ। 18ਤਾਂ ਐਉਂ ਹੋਇਆ ਕਿ ਜਾਂ ਉਹ ਦੇ ਪ੍ਰਾਣ ਨਿੱਕਲਨ ਨੂੰ ਸਨ ਅਰ ਉਹ ਮਰਨ ਨੂੰ ਸੀ ਤਾਂ ਉਸ ਨੇ ਉਹ ਦਾ ਨਾਉਂ ਬਨ-ਓਨੀ ਰੱਖਿਆ ਪਰ ਉਸ ਦੇ ਪਿਤਾ ਨੇ ਉਹ ਦਾ ਨਾਉਂ ਬਿਨਯਾਮੀਨ ਰੱਖਿਆ। 19ਸੋ ਰਾਖੇਲ ਮਰ ਗਈ ਅਰ ਅਫਰਾਥ ਦੇ ਰਾਹ ਵਿੱਚ ਦਫਨਾਈ ਗਈ। ਏਹੋ ਹੀ ਬੈਤਲਹਮ ਹੈ। 20ਯਾਕੂਬ ਨੇ ਉਸ ਦੀ ਕਬਰ ਉੱਤੇ ਇੱਕ ਥੰਮ੍ਹ ਖੜਾ ਕੀਤਾ ਅਰ ਰਾਖੇਲ ਦੀ ਕਬਰ ਦਾ ਥੰਮ੍ਹ ਅੱਜ ਤੀਕ ਹੈ। 21ਫੇਰ ਇਸਰਾਏਲੀਆਂ ਤੁਰ ਪਿਆ ਅਰ ਆਪਣਾ ਤੰਬੂ ਏਦਰ ਦੇ ਬੁਰਜ ਦੇ ਪਰਲੇ ਪਾਸੇ ਖਲ੍ਹਾਰਿਆ।**

**ਆਇਤ 16. ਬੈਤਏਲ** ਵਿਚੋਂ ਨਿਕਲਣ ਤੋਂ ਬਾਅਦ, ਯਾਕੂਬ ਅਤੇ ਉਸ ਦਾ ਪਰਿਵਾਰ ਦੱਖਣ ਦੇ ਵੱਲ **ਅਫਰਾਥ**, ਜਾਂ "ਬੈਤਲਹਮ" ਨੂੰ ਚਲੇ ਗਏ (35:19)। ਉਹ ਸੁਭਾਵਿਕ ਤੌਰ ਦੇ ਨਾਲ ਬੈਤਏਲ ਤੋਂ ਹਬਰੋਨ ਦੇ ਪਹਾੜੀ ਦੇਸ ਦੇ ਵਿਚੋਂ ਉੱਤਰ/ਦੱਖਣੀ ਮਾਰਗ ਦੇ ਵਿਚੋਂ ਹੋ ਕੇ ਗਏ, ਜਿੱਥੇ ਇਸਹਾਕ ਰਹਿੰਦਾ ਸੀ (35:27)। ਲਿਖਤ ਇਸ ਗੱਲ ਨੂੰ ਪਰਗਟ ਨਹੀਂ ਕਰਦੀ ਹੈ ਕਿ ਜਦੋਂ ਰਾਖੇਲ ਬਿਨਯਾਮੀਨ ਨੂੰ **ਜਣਨ ਲੱਗੀ, ਤਾਂ** ਉਨ੍ਹਾਂ ਨੇ ਅਫਰਾਥ ਵੱਲ ਕਿੰਨਾ ਕੁ ਸਫਰ ਤੈਅ ਕਰ ਲਿਆ ਸੀ; ਪਰ, ਉਹ ਉਸ ਸਥਾਨ ਤੋਂ **ਕੁਝ ਦੂਰ ਰਹਿੰਦਾ ਸੀ** (48:7)। ਬਾਅਦ ਦੇ ਇੱਕ ਹਵਾਲੇ ਵਿਚ ਇਸ ਸਥਾਨ ਨੂੰ ਬਿਨਯਾਮੀਨ ਦੇ ਗੋਤ ਦੇ ਹਿੱਸੇ ਵਿਚ ਆਉਣ ਵਾਲੇ ਖੇਤਰ ਸਲਸਹ ਦੇ ਰੂਪ ਵਿਚ ਜਾਣਿਆ ਜਾਂਦਾ ਹੈ (1 ਸਮੂਏਲ 10:2)।[3] ਇਸ ਲਈ, ਬਿਨਯਾਮੀਨ ਦਾ ਜਨਮ ਉਸ ਸਥਾਨ ਵਿਚ ਹੋਇਆ ਸੀ ਜਿਸ ਨੂੰ ਆਖਿਰਕਾਰ ਉਸ ਦਾ ਨਾਮ ਮਿਲਿਆ ਸੀ। ਸਲਸਹ ਦੇ ਰਾਮਾਹ ਦੇ ਕੋਲ ਹੋਣ ਦੀ ਸੰਭਾਵਨਾ ਹੈ (ਯਿਰਮਿਯਾਹ 31:15), ਜੋ ਯਰੂਸ਼ਲਮ ਦੇ ਉੱਤਰ ਵਿਚ ਲਗਭਗ ਪੰਜ ਮੀਲ ਦੀ ਦੂਰੀ ਤੇ ਸੀ।

ਜਿਵੇਂ ਹੀ ਯਾਕੂਬ ਦੇ ਪਰਿਵਾਰ ਨੇ ਯਾਤਰਾ ਕੀਤੀ, ਰਾਖੇਲ ਨੂੰ **ਜਣਨ ਦਾ ਸਖ਼ਤ ਕਸ਼ਟ** ਹੋਣਾ ਸ਼ੁਰੂ ਹੋ ਗਿਆ। ਪੁਰਾਣੇ ਸਮੇਂ ਵਿਚ ਵੀ ਗਰਭਵਤੀ ਹਾਲਤ ਕਾਫੀ ਮੁਸ਼ਕਲ ਹੁੰਦੀ ਸੀ, ਅਤੇ

ਇੱਕ ਗਧੇ ਜਾਂ ਇੱਕ ਊਠ ਦੇ ਉੱਤੇ ਝਟਕਿਆਂ ਦੇ ਨਾਲ ਸਿਰਫ ਮਾਂ ਦਾ ਕਸ਼ਟ ਹੀ ਨਹੀਂ ਵੱਧਦਾ ਸੀ ਸਗੋਂ ਜਨਮ ਦੇਣ ਦੀ ਪ੍ਰਕਿਰਿਆ ਵੀ ਗੁੰਝਲਦਾਰ ਹੋ ਜਾਂਦੀ ਸੀ।

**ਆਇਤ 17. ਜਾਂ ਉਹ** [ਰਾਖੇਲ] **ਜਣਨ ਦੇ ਕਸ਼ਟ ਵਿੱਚ ਸੀ ਤਾਂ ਦਾਈ ਨੇ** ਇਹ ਕਹਿ ਕੇ ਉਸ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ, **ਨਾ ਡਰ ਕਿਉਂਜੋ ਏਹ ਵੀ ਤੇਰਾ ਇੱਕ ਪੁੱਤ੍ਰ ਹੈ** (30:24 ਤੇ ਟਿੱਪਣੀਆਂ ਵੇਖੋ)। ਜਨਮ ਲੈਣ ਦੇ ਸ਼ੁਰੂਆਤੀ ਸਮੇਂ ਵਿਚ ਇਸ ਇਸਤਰੀ ਦੇ ਦੁਆਰਾ ਲਿੰਗ ਨਿਰਧਾਰਤ ਕਰ ਸਕਣ ਦੀ ਯੋਗਤਾ ਦਾ ਕਾਰਣ ਇਹ ਵੀ ਹੋ ਸਕਦਾ ਸੀ ਕਿ ਬੱਚੇ ਦਾ ਜਨਮ ਉਲਟਾ ਹੋਇਆ ਸੀ।

**ਆਇਤ 18.** ਇਹ ਪ੍ਰਕਿਰਿਆ ਇੰਨੀ ਮੁਸ਼ਕਲ ਸੀ ਕਿ ਇਸ ਨੇ ਰਾਖੇਲ ਨੂੰ ਮੌਤ ਦੇ ਕੰਢੇ ਤੱਕ ਪਹੁੰਚਾ ਦਿੱਤਾ ਸੀ; ਅਤੇ **ਜਾਂ ਉਹ ਦੇ ਪ੍ਰਾਣ** [*נֶפֶשׁ, ਨਪੇਸ਼]* **ਨਿੱਕਲਨ ਨੂੰ ਸਨ (ਕਿਉਂਕਿ ਉਹ ਮਰ ਗਈ) ਅਰ ਉਹ ਮਰਨ ਨੂੰ ਸੀ ਤਾਂ ਉਸ ਨੇ ਉਹ ਦਾ ਨਾਉਂ ਬਨ-ਓਨੀ ਰੱਖਿਆ**, ਜਿਸ ਦਾ ਅਰਥ ਹੈ "ਮੇਰੇ ਸੋਗ ਦਾ ਪੁੱਤ੍ਰ।"[4] ਪਰ, **ਉਸ ਦੇ ਪਿਤਾ ਨੇ** ਆਪਣੀ ਮਨਪਸੰਦ ਪਤਨੀ ਦੇ ਆਖਰੀ ਬੱਚੇ ਦਾ ਨਾਂ ਕੁਝ ਹੋਰ ਰੱਖਿਆ। ਉਸ ਨੇ **ਉਹ ਦਾ ਨਾਉਂ ਬਿਨਯਾਮੀਨ ਰੱਖਿਆ**, ਜਿਸ ਦਾ ਅਰਥ ਹੈ "ਸੱਜੇ ਹੱਥ ਦਾ ਪੁੱਤਰ।"[5] ਇਬਰਾਨੀ ਵਿਚਾਰ ਵਿਚ, ਸੱਜੇ ਹੱਥ ਨੂੰ ਤਾਕਤ ਅਤੇ ਸਨਮਾਨ ਦੇ ਪ੍ਰਤੀਕ ਵਜੋਂ ਮੰਨਿਆ ਜਾਂਦਾ ਸੀ। ਇਸ ਪ੍ਰਸੰਗ ਵਿਚ, ਇਸ ਦਾ ਅਰਥ ਸ਼ਾਇਦ ਇਹ ਹੋ ਸਕਦਾ ਹੈ ਕਿ ਬਿਨਯਾਮੀਨ ਉਹ ਪੁੱਤਰ ਹੋਵੇਗਾ ਜਿਸ ਦੇ ਉੱਤੇ ਯਾਕੂਬ "ਅਰਾਮ ਅਤੇ ਸਮਰਥਨ ਦੇ ਲਈ" ਨਿਰਭਰ ਕਰ ਸਕੇਗਾ ਜਾਂ ਉਹ ਪੁੱਤਰ ਜਿਸ ਦਾ ਜਨਮ ਪਰਿਵਾਰ ਦੇ ਭਵਿੱਖ ਦੇ ਲਈ ਚੰਗੀ ਕਿਸਮਤ ਦਾ ਪ੍ਰਤੀਕ ਸੀ।"[6] ਬਿਨਯਾਮੀਨ ਇੱਕਮਾਤਰ ਬੱਚਾ ਸੀ ਜਿਸ ਦਾ ਨਾਮ ਉਸ ਦੇ ਪਿਤਾ ਨੇ ਰੱਖਿਆ ਸੀ।

**ਆਇਤ 19.** ਯਾਕੂਬ ਨੂੰ ਆਪਣੀ ਮਾਂ ਦੀ ਦਾਈ ਦਬੋਰਾਹ ਦੇ ਘਾਟੇ ਨੂੰ ਸਹਿਣਾ ਪਿਆ ਸੀ (35:8), ਅਤੇ ਹੁਣ ਉਸ ਨੂੰ ਇੱਕ ਹੋਰ ਮੌਤ ਦਾ ਸਾਹਮਣਾ ਕਰਨਾ ਪਿਆ ਸੀ। **ਰਾਖੇਲ**, ਉਸ ਦੀ ਪਿਆਰੀ ਪਤਨੀ **ਮਰ ਗਈ**; ਅਤੇ ਉਸ ਦੇ ਦੁਆਰਾ **ਅਫਰਾਥ ਦੇ ਰਾਹ ਵਿੱਚ ਦਫਨਾਈ ਗਈ (ਅਰਥਾਤ, ਬੈਤਲਹਮ)**। ਸ਼ਕਮ ਦੇ ਆਦਮੀਆਂ ਦੇ ਕਤਲ ਅਤੇ ਦਬੋਰਾਹ ਦੇ ਦਫਨਾਏ ਜਾਣ ਤੋਂ ਬਾਅਦ, ਰਾਖੇਲ ਦੀ ਮੌਤ ਇੱਕ ਹੋਰ ਦੁੱਖ ਸੀ (48:7) ਜਿਸ ਨੂੰ ਪੁਰਖੇ ਦੇ ਦੁਆਰਾ ਸਹੇ ਜਾਣ ਵਾਲੇ ਦੁੱਖਾਂ ਦੇ ਵਿਚ ਜੋੜਿਆ ਗਿਆ ਸੀ। ਇੱਥੇ ਇੱਕ ਦੁੱਖ ਭਰਿਆ ਤਾਨਾ ਵੇਖਿਆ ਗਿਆ ਹੈ: ਰਾਖੇਲ ਨੇ ਇੱਕ ਵਾਰ ਕਹਿ ਦਿੱਤਾ ਸੀ ਕਿ ਜੇਕਰ ਉਹ ਬੱਚਿਆਂ ਨੂੰ ਪੈਦਾ ਨਾ ਕਰ ਸਕੀ ਤਾਂ ਉਹ ਮਰ ਜਾਵੇਗੀ (30:1), ਅਤੇ ਹੁਣ ਉਹ ਆਪਣੇ ਦੂਸਰੇ ਬੱਚੇ ਨੂੰ ਜਨਮ ਦੇਣ ਦੇ ਸਮੇਂ ਮਰ ਰਹੀ ਸੀ ਜਿਸ ਨੂੰ ਉਹ ਕਈ ਸਾਲਾਂ ਤੋਂ ਚਾਹੁੰਦੀ ਸੀ (30:22-24)।

ਆਇਤ 20. ਰਾਖੇਲ ਦੀ ਯਾਦਗਾਰ ਬਣਾਉਣ ਦੇ ਲਈ, ਯਾਕੂਬ ਨੇ ਉਸ ਦੀ ਕਬਰ ਉੱਤੇ ਇੱਕ ਥੰਮ੍ਹ ਖੜਾ ਕੀਤਾ; ਅਤੇ ਉਤਪਤ ਦੇ ਲੇਖਕ ਨੇ ਕਿਹਾ ਕਿ ਰਾਖੇਲ ਦੀ ਕਬਰ ਦਾ ਥੰਮ੍ਹ ਉਸ ਦੇ ਦਿਨ ਤੀਕ ਉੱਥੇ ਵੇਖਿਆ ਜਾ ਸਕਦਾ ਹੈ।

**ਆਇਤ 21.** ਇਸ ਦੁੱਖ ਭਰੇ ਅਨੁਭਵ ਤੋਂ ਬਾਅਦ, **ਇਸਰਾਏਲੀਆਂ** (ਯਾਕੂਬ) ਨਿਰੰਤਰ ਆਪਣੀ ਯਾਤਰਾ ਵਿਚ ਚੱਲਦਾ ਗਿਆ ਅਤੇ **ਆਪਣਾ ਤੰਬੂ ਏਦਰ ਦੇ ਬੁਰਜ ਦੇ ਪਰਲੇ ਪਾਸੇ ਖਲ੍ਹਾਰਿਆ**। ਇਬਰਾਨੀ ਸ਼ਬਦ מִגְדַּל־עֵדֶר (*ਮਿਗਦਾਲਏਦਰ)* ਦਾ ਅਰਥ "ਝੁੰਡ ਦਾ ਥੰਮ੍ਹ" ਜਾਂ "ਏਦਾਰ ਦਾ ਥੰਮ੍ਹ।" ਵਚਨਾਂ ਵਿਚ ਇਹ ਸਿਰਫ ਇੱਕ ਵਾਰ ਹੋਰ ਮੀਕਾਹ 4:8 ਆਇਆ ਹੈ, ਜਿੱਥੇ ਇਸ ਦਾ ਉਪਯੋਗ "ਸੀਯੋਨ ਦੀ ਧੀ ਦੇ ਪਹਾੜ [עֹפֶל, *ਓਪਲ]*" ਦੇ ਰੂਪ ਵਿਚ ਕੀਤਾ ਗਿਆ ਹੈ।

"ਓਪਲ ਪਹਾੜ" ਯਰੂਸ਼ਲਮ ਦਾ ਦੱਖਣੀ ਵਿਸਤਾਰ ਹੈ, ਅਤੇ "ਸੀਯੋਨ" ਸ਼ਹਿਰ ਵਿਚ ਇੱਕ ਹੋਰ ਪਹਾੜ ਦੇ ਲਈ ਇੱਕ ਹੋਰ ਨਾਮ ਹੋ ਸਕਦਾ ਹੈ। ਕਈ ਵਾਰ ਸਿਰਫ ਯਰੂਸ਼ਲਮ ਨੂੰ "ਸੀਯੋਨ" ਕਿਹਾ ਜਾਂਦਾ ਹੈ। ਰਾਖੇਲ ਦੇ ਸਰੀਰ ਨੂੰ ਉਸ ਖੇਤਰ ਵਿਚ ਦਫਨ ਕਰਨ ਤੋਂ ਬਾਅਦ ਜਿਸ ਨੂੰ ਬਾਅਦ ਵਿਚ "ਬਿਨਯਾਮੀਨ" ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਯਾਕੂਬ ਅਤੇ ਉਸ ਦੇ ਪਰਿਵਾਰ ਨੇ ਦੱਖਣ ਦੀ ਯਾਤਰਾ ਸ਼ੁਰੂ ਰੱਖੀ ਅਤੇ ਯਰੂਸ਼ਲਮ ਦੇ ਦੱਖਣੀ ਭਾਗ ਤੋਂ ਪਰੇ ਆਪਣੇ ਤੰਬੂ ਲਗਾਏ।

**ਰਊਬੇਨ ਦੁਆਰਾ ਯਾਕੂਬ ਦੀ ਸੁਰੇਤ ਨਾਲ ਜਿਨਸੀ ਸੰਬੰਧ (35:22)**

**[22]ਤਾਂ ਐਉਂ ਹੋਇਆ ਕਿ ਜਦ ਇਸਰਾਏਲੀਆਂ ਉਸ ਧਰਤੀ ਵਿੱਚ ਵੱਸਦਾ ਸੀ ਤਾਂ ਰਊਬੇਨ ਜਾਕੇ ਆਪਣੇ ਪਿਤਾ ਦੀ ਸੁਰੇਤ ਬਿਲਹਾਹ ਨਾਲ ਲੇਟਿਆ ਅਰ ਇਸਰਾਏਲੀਆਂ ਨੇ ਸੁਣਿਆ।**

**ਆਇਤ 22. ਜਦ ਇਸਰਾਏਲੀਆਂ** (ਜਿਸ ਨੂੰ ਪਹਿਲਾਂ ਯਾਕੂਬ ਕਿਹਾ ਗਿਆ ਹੈ) ਨੇ ਯਰੂਸ਼ਲਮ ਦੇ ਦੱਖਣ ਦੀ **ਧਰਤੀ** ਵਿਚ ਵੱਸਣਾ ਜਾਰੀ ਰੱਖਿਆ, ਤਾਂ **ਰਊਬੇਨ ਜਾਕੇ ਆਪਣੇ ਪਿਤਾ ਦੀ ਸੁਰੇਤ ਬਿਲਹਾਹ ਨਾਲ** ਜਿਨਸੀ ਸੰਬੰਧ ਕਾਇਮ ਕੀਤੇ। ਭਾਵੇਂ ਲਿਖਤ ਅਜਿਹਾ ਕਰਨ ਦੇ ਕਾਰਣਾਂ ਨੂੰ ਪਰਗਟ ਨਹੀਂ ਕਰਦੀ ਹੈ, ਪਰ ਕਈ ਸੰਭਾਵਨਾਵਾਂ ਦਾ ਸੁਝਾਅ ਦਿੱਤਾ ਗਿਆ ਹੈ। ਪਹਿਲਾ, ਹੋ ਸਕਦਾ ਹੈ ਕਿ ਰਊਬੇਨ, ਜੋ ਯਾਕੂਬ ਦਾ ਸਭ ਤੋਂ ਵੱਡਾ ਪੁੱਤਰ ਸੀ, ਬਿਲਹਾਹ ਦੇ ਪ੍ਰਤਿ ਵਾਸਨਾ ਦੇ ਕਾਰਣ ਪ੍ਰੇਰਿਤ ਹੋ ਗਿਆ ਹੋਵੇ। ਉਸ ਨੇ ਮੌਕੇ ਦੇ ਫਾਇਦਾ ਚੁੱਕਿਆ ਅਤੇ ਉਸ ਦੇ ਨਾਲ ਵਿਭਚਾਰ ਕੀਤਾ।

ਦੂਸਰਾ ਵਿਚਾਰ ਇਹ ਹੈ ਕਿ ਰਊਬੇਨ ਨੇ ਇਸ ਤੱਥ ਦੇ ਕਾਰਣ ਨਰਾਜਗੀ ਵਿਖਾਈ ਸੀ ਕਿ ਉਸ ਦੀ ਮਾਂ ਲੇਆਹ ਦੀ ਬਜਾਇ ਰਾਖੇਲ ਉਸ ਦੇ ਪਿਤਾ ਦੀ ਮਨਪਸੰਦ ਪਤਨੀ ਸੀ (ਵੇਖੋ 29:30-32)। ਇਸ ਲਈ, ਰਾਖੇਲ ਦੇ ਮਰਨ ਤੋਂ ਪਿੱਛੋਂ, ਉਹ ਚਾਹੁੰਦਾ ਸੀ ਕਿ ਲੇਆਹ ਉਸ ਸਥਾਨ ਤੇ ਆਵੇਗਾ ਨਾ ਕਿ ਰਾਖੇਲ ਦੀ ਦਾਸੀ ਬਿਲਹਾਹ। ਬਾਈਬਲ ਦੇ ਸਮੇਂ ਵਿਚ, ਜੇਕਰ ਕਿਸੇ ਦੀ ਪਤਨੀ ਜਾਂ ਸੁਰੇਤ ਨੂੰ ਕਿਸੇ ਦੂਸਰੇ ਆਦਮੀ ਦੇ ਦੁਆਰਾ ਭਰਿਸ਼ਟ ਕੀਤਾ ਜਾਂਦਾ ਸੀ ਤਾਂ ਉਹ ਉਸ ਦੇ ਨਾਲ ਜਿਨਸੀ ਸੰਬੰਧ ਨਹੀਂ ਬਣਾਉਂਦਾ ਸੀ। ਸ਼ਾਇਦ, ਰਊਬੇਨ ਦੀ ਨਰਾਜ਼ਗੀ ਦਾ ਅਸਰ ਇਹ ਸੀ ਕਿ ਅੱਗੇ ਤੋਂ ਯਾਕੂਬ ਕਦੀ ਵੀ ਬਿਲਹਾਹ ਦੇ ਨਾਲ ਜਿਨਸੀ ਸੰਬੰਧ ਨਾ ਬਣਾ ਸਕੇ।

ਤੀਸਰਾ ਅਤੇ ਸਭ ਤੋਂ ਉਚਿਤ ਵਿਚਾਰ ਇਹ ਸੀ ਕਿ ਰਊਬੇਨ ਆਪਣੇ ਪਿਤਾ ਦੇ ਉੱਤੇ ਅਧਿਕਾਰ ਦਾ ਦਾਅਵਾ ਕਰਨਾ ਚਾਹੰਦਾ ਸੀ। ਬਾਈਬਲ ਦੇ ਇਤਹਾਸ ਵਿਚ, ਇੱਕ ਰਾਜੇ ਦੀ ਪਤਨੀ ਦੇ ਨਾਲ ਜਿਨਸੀ ਸੰਬੰਧ ਉਸ ਵਿਅਕਤੀ ਦੁਆਰਾ ਇੱਕ ਰਿਵਾਇਤੀ ਕਰਵਾਈ ਹੁੰਦੀ ਸੀ ਜੋ ਰਾਜੇ ਦੇ ਸਿੰਘਾਸਣ ਨੂੰ ਹੜੱਪਣਾ ਚਾਹੁੰਦਾ ਸੀ (ਵੇਖੋ 2 ਸਮੂਏਲ 3:6-8; 12:8, 11; 16:21, 22; 20:3; 1 ਰਾਜਿਆਂ 2:22; 20:3-7) ਦੀ ਪਤਨੀ ਦੇ ਨਾਲ ਜਿਨਸੀ ਸੰਬੰਧ ਬਣਾਉਂਦਾ ਸੀ। ਸਪੱਸ਼ਟ ਤੌਰ ਤੇ ਅਜਿਹੇ ਕੰਮ ਇਤਹਾਸ ਵਿਚ ਬਹੁਤ ਹੀ ਪਹਿਲਾਂ ਕੀਤੇ ਜਾਂਦੇ ਸਨ - ਇਸਰਾਏਲੀਆਂ ਵਿਚ ਰਾਜਿਆਂ ਦੇ ਰਾਜ ਦੇ ਸ਼ੁਰੂ ਹੋਣ ਤੋਂ ਬਹੁਤ ਦੇਰ ਪਹਿਲਾਂ। ਮੂਸਾ ਦੀ ਸ਼ਰਾ ਵਿਚ ਰੱਬੀ ਪ੍ਰਤਿਕਿਰਿਆ ਵਿਚ ਕਿਸੇ ਵੀ ਅਜਿਹੇ ਪੁੱਤਰ ਦੀ ਨਿੰਦਾ ਕੀਤੀ ਗਈ ਸੀ ਜੋ ਆਪਣੇ "ਪਿਤਾ ਦੀ ਪਤਨੀ" ਦੇ ਨਾਲ ਸੰਭੋਗ ਕਰਦਾ ਸੀ (ਲੇਵੀਆਂ 18:8; 20:11; ਬਿਵਸਥਾ ਸਾਰ 27:20)। "ਪਿਤਾ ਦੀ ਪਤਨੀ" ਦਾ ਪ੍ਰਗਟਾਵਾ ਦੂਸਰੇ ਦਰਜੇ ਦੀ ਪਤਨੀ ਜਾਂ ਇੱਕ ਮਤਰੇਈ ਮਾਂ ਨੂੰ ਦਰਸਾਉਂਦਾ ਹੈ, ਪਰ ਇੱਕ ਪੁੱਤਰ ਦੀ ਅਸਲੀ ਮਾਂ ਨੂੰ ਨਹੀਂ (ਵੇਖੋ 1 ਇਤਹਾਸ 5:1)।

ਜਿਉਂ ਜਿਉਂ ਸਾਲ ਬੀਤਦੇ ਗਏ, ਯਾਕੂਬ ਉਨ੍ਹਾਂ ਮਾਮਲਿਆਂ ਵਿਚ ਵਧੇਰੇ ਸਹਿਣਸ਼ੀਲ ਹੋ ਗਿਆ ਸੀ ਜਿਨ੍ਹਾਂ ਦੇ ਦੁਆਰਾ ਉਸ ਨੂੰ ਕਾਰਵਾਈ ਕਰਨ ਦੇ ਲਈ ਉਕਸਾਇਆ ਜਾਣਾ ਚਾਹੀਦਾ ਸੀ। ਇਹੋ ਮਾਮਲਾ ਸੀ ਜਦੋਂ ਦੀਨਾਹ ਨੂੰ ਸ਼ਕਮ ਦੇ ਦੁਆਰਾ ਭ੍ਰਿਸ਼ਟ ਕੀਤਾ ਗਿਆ ਸੀ (34:5) ਨਾਲ ਹੀ ਜਦੋਂ ਰਊਬੇਨ ਬਿਲਹਾਹ ਦੇ ਨਾਲ ਸੁੱਤਾ ਸੀ। ਬਾਅਦ ਦੀ ਉਦਾਹਰਣ ਵਿਚ, ਭਾਵੇਂ **ਇਸਰਾਏਲੀਆਂ ਨੇ ਸੁਣਿਆ** ਸੀ, ਉਸ ਨੇ ਆਪਣੇ ਸਭ ਤੋਂ ਵੱਡੇ ਪੁੱਤਰ ਨੂੰ ਅਨੁਸ਼ਾਸਨ ਵਿਚ ਲਿਆਉਣ ਦੇ ਲਈ ਕੁਝ ਵੀ ਨਹੀਂ ਕੀਤਾ। ਪਰ, ਆਪਣੇ ਜੀਵਨ ਦੇ ਅੰਤ ਵਿਚ, ਪੁਰਖੇ ਨੇ ਰਊਬੇਨ ਨੂੰ ਆਪਣੇ ਬਿਸਤਰ ਤੇ ਚੜਣ ਅਤੇ ਉਸ ਨੂੰ ਭ੍ਰਿਸ਼ਟ ਕਰਨ ਦੇ ਲਈ ਡਾਂਟਿਆ (49:4)। 1 ਕੁਰਿੰਥੀਆਂ 5:1, ਰਊਬੇਨ ਦੇ ਕੰਮ ਨੇ ਦੇ ਕਾਰਣ ਉਹ ਆਪਣੇ ਪਹਿਲੌਠੇ ਹੋਣ ਦੇ ਅਧਿਕਾਰ ਨੂੰ ਗੁਆ ਬੈਠਾ।

**ਯਾਕੂਬ ਦੇ ਪੁੱਤਰ (35:23-26)**

**23ਯਾਕੂਬ ਦੇ ਬਾਰਾਂ ਪੁੱਤ੍ਰ ਸਨ। ਲੇਆਹ ਦੇ ਏਹ ਸਨ ਯਾਕੂਬ ਦਾ ਪਲੋਠਾ ਰਊਬੇਨ ਅਰ ਸ਼ਿਮਓਨ ਅਰ ਲੇਵੀ ਅਰ ਯਹੂਦਾਹ ਅਰ ਯਿੱਸ਼ਾਕਾਰ ਅਰ ਜਬੂਲੂਨ। 24ਰਾਖੇਲ ਦੇ ਪੁੱਤ੍ਰ ਯੂਸੁਫ ਅਰ ਬਿਨਯਾਮੀਨ। 25ਅਰ ਰਾਖੇਲ ਦੀ ਗੋੱਲੀ ਬਿਲਹਾਹ ਦੇ ਪੁੱਤ੍ਰ ਦਾਨ ਅਰ ਨਫਤਾਲੀ ਸਨ। 26ਅਰ ਲੇਆਹ ਦੀ ਗੋੱਲੀ ਜ਼ਿਲਪਾਹ ਦੇ ਪੁੱਤ੍ਰ ਗਾਦ ਅਰ ਆਸ਼ੇਰ। ਯਾਕੂਬ ਦੇ ਪੁੱਤ੍ਰ ਜਿਹੜੇ ਪਦਨ ਅਰਾਮ ਵਿੱਚ ਉਹ ਦੇ ਲਈ ਜੰਮੇ ਏਹੋ ਹਨ।**

**ਆਇਤਾਂ 23-26.** ਆਇਤਾਂ 16-18 ਯਾਕੂਬ ਦੇ ਸਭ ਤੋਂ ਛੋਟੇ ਪੁੱਤਰ ਦਾ ਖਾਤਾ ਦਿੰਦੀਆਂ ਹਨ, ਜਦਕਿ ਆਇਤ 22 ਉਸ ਦੇ ਪਹਿਲੌਠੇ ਪੁੱਤਰ ਦੇ ਵਿਭਚਾਰ ਦੇ ਇੱਕ ਖਾਤੇ ਦੇ ਨਾਲ ਸੰਬੰਧਤ ਹੈ। ਹੇਠਲਾ ਭਾਗ (35:23-26) ਚਾਰਾਂ ਪਤਨੀਆਂ ਦੇ ਦੁਆਰਾ ਪੈਦਾ ਹੋਏ **ਯਾਕੂਬ ਦੇ ਬਾਰਾਂ ਪੁੱਤ੍ਰ**[7] (ਪੁੱਤਰਾਂ) ਬਾਰੇ ਦੱਸਦਾ ਹੈ। ਸਭ ਤੋਂ ਪਹਿਲਾਂ, ਲੇਖਕ ਨੇ ਪ੍ਰਾਥਮਿਕ ਪਤਨੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸੂਚੀਬੱਧ ਕੀਤਾ: **ਲੇਆਹ ਦੇ ਏਹ ਸਨ ਯਾਕੂਬ ਦਾ ਪਲੋਠਾ ਰਊਬੇਨ ਅਰ ਸ਼ਿਮਓਨ ਅਰ ਲੇਵੀ ਅਰ ਯਹੂਦਾਹ ਅਰ ਯਿੱਸ਼ਾਕਾਰ ਅਰ ਜਬੂਲੂਨ; ਰਾਖੇਲ ਦੇ ਪੁੱਤ੍ਰ ਯੂਸੁਫ ਅਰ ਬਿਨਯਾਮੀਨ**। ਇਨ੍ਹਾਂ ਤੋਂ ਬਾਅਦ ਦੂਸਰੇ ਦਰਜੇ ਦੀਆਂ ਪਤਨੀਆਂ ਆਉਂਦੀਆਂ ਹਨ ਜੋ ਇਸ ਪ੍ਰਕਾਰ ਸ਼ੁਰੂ ਹੁੰਦੀਆਂ ਹਨ **ਰਾਖੇਲ ਦੀ ਗੋੱਲੀ ਬਿਲਹਾਹ ਦੇ ਪੁੱਤ੍ਰ ਦਾਨ ਅਰ ਨਫਤਾਲੀ ਸਨ; ਅਰ ਲੇਆਹ ਦੀ ਗੋੱਲੀ ਜ਼ਿਲਪਾਹ ਦੇ ਪੁੱਤ੍ਰ ਗਾਦ ਅਰ ਆਸ਼ੇਰ**। ਫਿਰ ਇੱਕ ਸੰਖੇਪ ਬਿਆਨ ਦਿੱਤਾ ਗਿਆ ਹੈ: **ਯਾਕੂਬ ਦੇ ਪੁੱਤ੍ਰ ਜਿਹੜੇ ਪਦਨ ਅਰਾਮ ਵਿੱਚ ਉਹ ਦੇ ਲਈ ਜੰਮੇ ਏਹੋ ਹਨ**। ਬਿਨਯਾਮੀਨ ਇਸ ਕਥਨ ਦਾ ਇੱਕੋ ਇੱਕ ਅਪਵਾਦ ਹੈ, ਕਿਉਂਕਿ ਉਹ ਕਨਾਨ ਵਿਚ ਪੈਦਾ ਹੋਇਆ ਸੀ (35:16-18) ਨਾ ਕਿ ਹਾਰਾਨ ਵਿਚ (ਪਦਨ ਅਰਾਮ ਵਿਚ)। ਇਹ ਟਿੱਪਣੀ ਸਪੱਸ਼ਟ ਤੌਰ ਤੇ ਸਟੀਕ ਨਹੀਂ ਸੀ, ਪਰ ਇਸ ਦਾ ਮਕਸਦ ਆਮ ਬਿਆਨ ਸੀ ਜਿਸ ਵਿਚ ਲਗਭਗ ਸਾਰੇ ਪਰਿਵਾਰ ਸ਼ਾਮਲ ਸਨ। ਇਸ ਤੋਂ ਇਲਾਵਾ, ਦੀਨਾਹ ਨੂੰ ਇਸ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ ਕਿਉਂਕਿ ਇਸ ਕਿਸਮ ਦੀ ਵੰਸ਼ਾਵਲੀ ਵਿਚ ਇਸਤਰੀਆਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਸੀ। ਉਸ ਦੀ ਅੰਸ ਨੂੰ, ਜੇਕਰ ਉਸ ਦਾ ਕੋਈ ਬੱਚਾ ਹੁੰਦਾ[8], ਤਾਂ ਉਸ ਨੂੰ ਇਸਰਾਏਲੀਆਂ ਦਿਆਂ ਗੋਤਾਂ ਵਿਚ ਨਹੀਂ ਗਿਣਿਆ ਜਾਣਾ ਸੀ ਜਿਨ੍ਹਾਂ ਨੂੰ ਕਨਾਨ ਦੇਸ ਵਿਰਸੇ ਵਿਚ ਮਿਲਿਆ ਸੀ। ਪੁਰਾਣੇ ਨੇਮ ਵਿਚ, ਜਦੋਂ ਦੀਨਾਹ ਵਰਗੀ ਇੱਕ ਜਵਾਨ ਇਸਤਰੀ ਦਾ ਵਿਆਹ ਹੁੰਦਾ ਸੀ, ਤਾਂ ਉਸ ਦੇ ਬੱਚੇ ਉਸ ਦੇ ਪਤੀ ਦੇ ਦੁਆਰਾ ਵਿਰਾਸਤ ਨੂੰ ਪ੍ਰਾਪਤ ਕਰਣਗੇ ਨਾ ਕਿ ਉਸ

ਦੇ ਪਿਤਾ ਦੇ ਦੁਆਰਾ।

**ਇਸਹਾਕ ਦੀ ਮੌਤ (35:27-29)**

**[27]ਤਾਂ ਯਾਕੂਬ ਆਪਣੇ ਪਿਤਾ ਇਸਹਾਕ ਕੋਲ ਮਮਰੇ ਵਿੱਚ ਜਿਹੜਾ ਕਿਰਯਥ ਅਰਬਾ ਅਰਥਾਤ ਹਬਰੋਨ ਹੈ ਆਇਆ ਜਿੱਥੇ ਅਬਰਾਹਾਮ ਅਰ ਇਸਹਾਕ ਟਿਕੇ ਸਨ। [28]ਤਾਂ ਇਸਹਾਕ ਦੀ ਉਮਰ ਇੱਕ ਸੌ ਅੱਸੀ ਵਰਿਹਾਂ ਦੀ ਸੀ। [29]ਅਰ ਇਸਹਾਕ ਪ੍ਰਾਣ ਤਿਆਗ ਕੇ ਮਰ ਗਿਆ ਅਰ ਆਪਣੇ ਲੋਕਾਂ ਵਿੱਚ ਜਾ ਮਿਲਿਆ। ਉਹ ਬਿਰਧ ਅਰ ਸਮਾਪੂਰ ਹੋਇਆ ਤਾਂ ਉਸ ਦੇ ਪੁੱਤ੍ਰਾਂ ਏਸਾਓ ਅਰ ਯਾਕੂਬ ਨੇ ਉਸ ਨੂੰ ਦਫਨਾ ਦਿੱਤਾ।**

**ਆਇਤ 27.** ਆਖਿਰਕਾਰ, ਬਹੁਤ ਸਾਰੇ ਸਾਲਾਂ ਤੋਂ ਬਾਅਦ, **ਯਾਕੂਬ** ਆਪਣੇ ਪਿਤਾ ਦੇ ਘਰ ਪਹੁੰਚਿਆ ਜੋ **ਮਮਰੇ ਵਿੱਚ ਜਿਹੜਾ ਕਿਰਯਥ ਅਰਬਾ ਅਰਥਾਤ ਹਬਰੋਨ ਹੈ ਆਇਆ ਜਿੱਥੇ ਅਬਰਾਹਾਮ ਅਰ ਇਸਹਾਕ ਟਿਕੇ ਸਨ**। ਉਸ ਦੀ ਮਾਂ ਅਤੇ ਉਸ ਦੀ ਦਾਸੀ ਮਰ ਗਈਆਂ ਸਨ; ਇਸਹਾਕ ਬਏਰਸਬਾ ਤੋਂ ਉੱਤਰ ਵੱਲ ਨੂੰ ਚਲਾ ਗਿਆ, ਜਿੱਥੇ ਉਹ ਉਸ ਸਮੇਂ ਰਹਿ ਰਿਹਾ ਸੀ ਜਦੋਂ ਯਾਕੂਬ ਘਰ ਛੱਡਕੇ ਚਲਾ ਗਿਆ ਸੀ (28:10)। ਆਖਿਰਕਾਰ ਉਹ ਪੁਨਰ-ਮਿਲਾਪ ਹੋ ਗਿਆ ਜਿਸ ਦਾ ਲੰਬੇ ਸਮੇਂ ਤੋਂ ਇੰਤਜ਼ਾਰ ਸੀ, ਅਤੇ ਇਸ ਨੇ ਪਰਮੇਸ਼ੁਰ ਦੇ ਵਾਇਦੇ ਨੂੰ ਪੂਰਾ ਕੀਤਾ ਕਿ ਉਹ ਯਾਕੂਬ ਨੂੰ ਉਸ ਦੇ ਪਿਤਾ ਦੇ ਘਰ ਵਿਚ ਸਹੀ ਸਲਾਮਤ ਵਾਪਸ ਲਿਆਵੇਗਾ (28:15, 21)।

**ਆਇਤ 28.** ਇਸ ਸਮੇਂ ਤੱਕ, **ਇਸਹਾਕ** ਬਹੁਤ ਹੀ ਬੁੱਢਾ ਹੋ ਚੁੱਕਿਆ ਸੀ (ਵੇਖੋ ਟਿੱਪਣੀਆਂ 27:1, 2)। ਲਿਖਤ ਇਸ ਗੱਲ ਨੂੰ ਨਹੀਂ ਦਰਸਾਉਂਦੀ ਹੈ ਕਿ 180 ਸਾਲਾਂ ਦੀ ਉਮਰ ਵਿਚ ਮੌਤ ਦੇ ਦੁਆਰਾ ਇਸਹਾਕ ਨੂੰ ਲੈ ਲੈਣ ਤੱਕ ਪਹੁੰਚਣ ਤੋਂ ਪਹਿਲਾਂ ਦੋਵਾਂ ਨੇ ਕਿੰਨੇ ਸਾਲ ਇਕੱਠੇ ਬਿਤਾਏ ਸਨ।

**ਆਇਤ 29.** ਇਹ ਕਹਿ ਕੇ ਇਹ ਲੇਖਾ ਖਤਮ ਹੁੰਦਾ ਹੈ ਕਿ **ਇਸਹਾਕ ਪ੍ਰਾਣ ਤਿਆਗ ਕੇ ਮਰ ਗਿਆ ਅਰ ਆਪਣੇ ਲੋਕਾਂ ਵਿੱਚ ਜਾ ਮਿਲਿਆ**। ਇਸ ਕਥਨ ਦਾ ਅੰਤ ਉਸ ਦੇ ਸਮਾਨ ਹੈ ਜੋ ਪ੍ਰਭੂ ਨੇ ਬਾਅਦ ਵਿਚ ਮੂਸਾ ਨੂੰ ਕਿਹਾ ਸੀ, ਜਦੋਂ ਉਸ ਦੀ ਮੌਤ ਦਾ ਸਮਾਂ ਆ ਗਿਆ ਸੀ: "ਵੇਖ ਤੂੰ ਆਪਣੇ ਪਿਉ ਦਾਦਿਆਂ ਨਾਲ ਸੌਂ ਜਾਣ ਵਾਲਾ ਹੈਂ" (ਬਿਵਸਥਾ ਸਾਰ 31:16)। ਇਸ ਪ੍ਰਸੰਗ ਵਿਚ, ਇਸਹਾਕ ਪਹਿਲਾਂ ਤੋਂ ਹੀ ਮਰ ਗਿਆ ਸੀ; ਇਸ ਲਈ ਲਿਖਤ ਸਧਾਰਣ ਤੌਰ ਤੇ ਕਹਿੰਦੀ ਹੈ ਉਹ "ਆਪਣੇ ਲੋਕਾਂ ਵਿੱਚ ਜਾ ਮਿਲਿਆ।" ਦੋਵੇਂ ਘੋਸ਼ਣਾਵਾਂ ਮੌਤ ਨੂੰ ਦਰਸਾਉਣ ਵਾਲੇ ਮੁਹਾਵਰੇਦਾਰ ਤਰੀਕੇ ਹਨ। ਸੰਖੇਪ ਵਿਚ, ਲਿਖਤ ਵਿਚ ਜੋੜਦੀ ਹੈ ਕਿ ਇਸਹਾਕ ਆਪਣੀ ਮੌਤ ਦੇ ਸਮੇਂ **ਬਿਰਧ ਅਰ ਸਮਾਪੂਰ ਹੋਇਆ** ਸੀ। ਇੱਕ ਪਿਤਾ ਦੀ ਮੌਤ ਅਕਸਰ ਪਰਿਵਾਰ ਦੇ ਮੈਂਬਰਾਂ ਨੂੰ ਇਕੱਠੇ ਕਰਦੀ ਹੈ, ਅਤੇ ਇਸ ਪੀੜ੍ਹੀ ਦੇ ਇਨ੍ਹਾਂ ਦੋਵਾਂ ਭਰਾਵਾਂ ਦੇ ਨਾਲ ਵੀ ਅਜਿਹਾ ਹੀ ਹੋਇਆ: **ਏਸਾਓ ਅਰ ਯਾਕੂਬ** ਇਕੱਠੇ ਹੋਏ ਅਤੇ ਇਸਹਾਕ ਦੇ ਸਰੀਰ ਨੂੰ **ਦਫਨਾ** ਦਿੱਤਾ। ਆਇਤ 35:29 ਦੀ ਭਾਸ਼ਾ ਪਹਿਲੇ ਅਬਰਾਹਾਮ ਦੀ ਮੌਤ ਅਤੇ ਦਫਨਾਏ ਜਾਣ ਦੇ ਪਹਿਲੇ ਵਰਣਨ ਦੇ ਸਮਾਂਤਰ ਹੈ (25:7-10 ਤੇ ਟਿੱਪਣੀਆਂ ਵੇਖੋ)। ਬਾਅਦ ਵਿਚ ਇੱਕ ਨੋਟਿਸ ਸਪੱਸ਼ਟ ਕਰਦਾ ਹੈ ਕਿ ਇਸਹਾਕ ਨੂੰ ਮਕਫੀਲਾਹ ਦੀ ਗੁਫਾ ਵਿਚ ਦਫਨਾਇਆ ਗਿਆ ਸੀ (49:29-32), ਜੋ ਹਬਰੋਨ ਵਿਚ ਸੀ।

# ਪ੍ਰਾਸੰਗਿਕਤਾ

## ਪਰਮੇਸ਼ੁਰ ਦੇ ਨਾਲ ਕੀਤੇ ਹੋਏ ਵਾਇਦੇ ਨੂੰ ਪੂਰਾ ਕਰਨਾ (35:1-15)

ਉਸ ਫਿਲਮ ਵਿਚ ਜਿਸ ਦਾ ਸਿਰਲੇਖ *ਬੈਕ ਟੂ ਦ ਫਿਊਚਰ* ਹੈ, ਮੁੱਖ ਪਾਤਰ ਆਪਣੇ ਆਪ ਦੇ, ਆਪਣੇ ਪਰਿਵਾਰ ਦੇ, ਅਤੇ ਆਪਣੇ ਮਿੱਤਰ ਦੇ ਲਈ ਇੱਕ ਬੇਹਤਰ ਭਵਿੱਖ ਬਣਾਉਣ ਅਤੀਤ ਵਿਚ ਘਟਨਾਵਾਂ ਦੀ ਇੱਕ ਲੜੀ ਨੂੰ ਬਦਲਣ ਦੇ ਲਈ ਗਿਆ। ਇੱਕ ਅਰਥ ਵਿਚ, ਯਾਕੂਬ ਆਪਣੇ ਮਨ ਵਿਚ ਭੂਤਕਾਲ ਦੇ ਵਿਚ ਵਾਪਸ ਗਿਆ ਅਤੇ ਬੈਤਏਲ ਵਿਚ ਪਰਮੇਸ਼ੁਰ ਦੇ ਨਾਲ ਆਪਣੀ ਪਹਿਲੀ ਮੁਲਾਕਾਤ ਨੂੰ ਯਾਦ ਕੀਤਾ, ਜਦੋਂ ਉਹ ਆਪਣੇ ਭਰਾ ਏਸਾਓ ਦੇ ਕ੍ਰੋਧ ਤੋਂ, ਭੱਜ ਰਿਹਾ ਸੀ। ਇਸ ਲਈ ਜੇਕਰ ਉਹ ਅਤੇ ਉਸ ਦਾ ਪਰਿਵਾਰ ਉਸ ਭਵਿੱਖ ਨੂੰ ਮਾਨਣਾ ਚਾਹੁੰਦਾ ਸੀ ਜਿਸ ਦਾ ਅਬਰਾਹਾਮ ਅਤੇ ਇਸਹਾਕ ਦਾ ਪੁੱਤਰ ਹੋਣ ਦੇ ਨਾਤੇ ਪਰਮੇਸ਼ੁਰ ਨੇ ਉਸ ਦੇ ਨਾਲ ਵਾਇਦਾ ਕੀਤਾ ਸੀ (28:12-15) ਤਾਂ ਉਸ ਨੂੰ ਪਰਮੇਸ਼ੁਰ ਦੇ ਸਾਹਮਣੇ ਜੋ ਸੁੱਖਣਾ ਸੁੱਖੀ ਸੀ ਉਸ ਨੂੰ ਪੂਰਾ ਕਰਨ ਦੀ ਲੋੜ ਸੀ (28:20-22)।

*ਪਰਮੇਸ਼ੁਰ ਨੂੰ ਸਮਰਪਿਤ ਹੋਣਾ।* ਪਰਮੇਸ਼ੁਰ ਦੇ ਲੋਕਾਂ ਨੂੰ ਉਨ੍ਹਾਂ ਦੇ ਆਤਮਿਕ ਵਾਇਦਿਆਂ ਨੂੰ ਪੂਰਾ ਕਰਨ ਦੀ ਯਾਦ ਦਿਵਾਉਣ ਦੀ ਲੋੜ ਹੁੰਦੀ ਹੈ। ਇਹ ਰੋਜ਼ਾਨਾ ਦੇ ਜੀਵਨ ਦੇ ਖੇਤਰ ਅਤੇ ਆਤਮਿਕ ਸੁੱਖਣਾ ਦੇ ਖੇਤਰ ਵਿਚ, ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁੱਲਣ ਦਾ ਇੱਕ ਮਨੁੱਖੀ ਸੁਭਾਅ ਹੈ। ਜਦੋਂ ਯਾਕੂਬ ਏਸਾਓ ਦੇ ਕ੍ਰੋਧ ਤੋਂ ਬਚਣ ਦੇ ਲਈ ਘਰੋਂ ਭੱਜ ਗਿਆ, ਤਾਂ ਬੈਤਏਲ ਵਿਚ ਪਰਮੇਸ਼ੁਰ ਉਸ ਦੇ ਉੱਤੇ, ਇਹ ਵਾਇਦਾ ਕਰਦਾ ਹੋਇਆ ਪਰਗਟ ਹੋਇਆ, ਕਿ ਉਹ ਉਸ ਦੇ ਨਾਲ ਰਹੇਗਾ, ਉਸ ਨੂੰ ਅਣਗਿਣਤ ਸੰਤਾਨ ਦੀ ਬਰਕਤ ਦੇਵੇਗਾ, ਉਸ ਨੂੰ ਮੁਹੱਈਆ ਕਰੇਗਾ, ਅਤੇ ਉਸ ਨੂੰ ਸੁਰੱਖਿਤ ਤਰੀਕੇ ਦੇ ਨਾਲ ਕਨਾਨ ਵਿਚ ਲੈ ਜਾਵੇਗਾ (28:13-15)। ਪਰਮੇਸ਼ੁਰ ਦੇ ਵਾਇਦਿਆਂ ਦੇ ਪ੍ਰਤਿਉੱਤਰ ਵਿਚ, ਯਾਕੂਬ ਨੇ ਸੁੱਖਣਾ ਸੁੱਖੀ ਕਿ ਜੇਕਰ ਪਰਮੇਸ਼ੁਰ ਉਨ੍ਹਾਂ ਵਾਇਦਿਆਂ ਨੂੰ ਪੂਰਾ ਕਰੇਗਾ ਤਾਂ ਉਹ ਆਪਣਾ ਜੀਵਨ ਪਰਮੇਸ਼ੁਰ ਨੂੰ ਸਮਰਪਿਤ ਕਰ ਦੇਵੇਗਾ ਅਤੇ ਜੋ ਕੁਝ ਵੀ ਪਰਮੇਸ਼ੁਰ ਉਸ ਨੂੰ ਦੇਵੇਗਾ ਉਸ ਦਾ ਦਸੌਂਧ ਉਸ ਨੂੰ ਚੜ੍ਹਾਵੇਗਾ (28:20-22)। ਬਹੁਤ ਸਾਲਾਂ ਦੇ ਬਾਅਦ, ਜਦੋਂ ਯਾਕੂਬ ਅਜੇ ਤੱਕ ਹਾਰਾਨ ਵਿਚ ਸੀ, ਪਰਮੇਸ਼ੁਰ ਫਿਰ ਤੋਂ ਪੁਰਖੇ ਦੇ ਨਾਲ ਬੋਲਿਆ ਅਤੇ ਉਸ ਨੂੰ ਯਾਦ ਦਿਵਾਇਆ ਕਿ ਉਹ "ਬੈਤਏਲ ਦਾ ਪਰਮੇਸ਼ੁਰ" ਸੀ ਅਤੇ ਯਾਕੂਬ ਦੇ ਲਈ ਇਹ ਸਮਾਂ ਸੀ ਕਿ ਉਹ ਹਾਰਾਨ ਨੂੰ ਛੱਡ ਕੇ ਆਪਣੀ ਜਨਮ ਭੂਮੀ ਤੇ ਵਾਪਸ ਜਾਵੇ (31:13)।

ਭਾਵੇਂ ਯਾਕੂਬ ਕੁਝ ਸਮੇਂ ਦੇ ਲਈ ਕਨਾਨ ਵਾਪਸ ਗਿਆ ਸੀ, ਤਾਂ ਵੀ ਉਹ ਬੈਤਏਲ ਵਾਪਸ ਪਰਤਣ ਵਿਚ ਦੇਰ ਕਰ ਰਿਹਾ ਸੀ। ਪ੍ਰਭੂ ਨੇ ਸ਼ਕਮ ਵਿਚ ਪੁਰਖੇ ਨੂੰ ਦਰਸ਼ਣ ਦਿੱਤਾ ਅਤੇ ਕਿਹਾ, "ਉੱਠ, ਅਰ ਬੈਤਏਲ ਨੂੰ ਉਤਾਹਾਂ ਜਾਹ ਅਤੇ ਉੱਥੇ ਟਿਕ ਅਰ ਉੱਥੇ ਪਰਮੇਸ਼ੁਰ ਲਈ ਜਿਸ ਤੈਨੂੰ ਉਸ ਵੇਲੇ ਵਿਖਾਲੀ ਦਿੱਤੀ ਸੀ ਜਦ ਤੂੰ ਆਪਣੇ ਭਰਾ ਏਸਾਓ ਕੋਲੋਂ ਭੱਜਾ ਸੀ ਇੱਕ ਜਗਵੇਦੀ ਬਣਾ" (35:1)। ਪਰਮੇਸ਼ੁਰ ਦਾ ਪਾਲਣ ਕਰਨ ਦੇ ਲਈ ਯਾਕੂਬ ਨੂੰ ਪੂਰੀ ਤਰ੍ਹਾਂ ਦੇ ਨਾਲ ਮੂਰਤੀਪੂਜਾ ਤੋਂ ਦੂਰ ਹੋਣ ਦੀ ਲੋੜ ਸੀ। ਨਾ ਹੀ ਉਹ ਨਾ ਹੀ ਉਸ ਦੇ ਦਲ ਦਾ ਕੋਈ ਵੀ ਵਿਅਕਤੀ ਇੱਕ ਮੂਰਤੀਪੂਜਾ ਦੀ ਜਗਵੇਦੀ ਤੇ ਪੂਜਾ ਕਰ ਸਕਦਾ ਸੀ ਜਾਂ ਮੂਰਤੀਪੂਜਕਾਂ ਦੇ ਦੇਵਤਿਆਂ ਦੇ ਨਾਲ ਅਗਾਂਹ ਤੋਂ ਕੋਈ ਸੰਬੰਧ ਰੱਖ ਸਕਦੇ ਸਨ। ਇਹ ਪ੍ਰਕਾਰ ਦੇ ਕੰਮ ਯਹੋਵਾਹ ਨੂੰ ਨਾ ਮਨਜ਼ੂਰ ਸਨ।

ਪਰਮੇਸ਼ੁਰ ਦੇ ਲੋਕਾਂ ਦੀ ਦੁੱਖ ਭਰੀ ਕਹਾਣੀ ਅਕਸਰ ਯਾਕੂਬ ਦੀ ਕਹਾਣੀ ਦਾ ਦੁਹਰਾਇਆ ਜਾਣਾ ਰਿਹਾ ਹੈ: ਬਹੁਤ ਸਾਰੇ ਲੋਕਾਂ ਨੇ ਅਬਰਾਹਾਮ ਅਤੇ ਇਸਹਾਕ ਦੇ ਪਰਮੇਸ਼ੁਰ ਦੇ ਨਾਲ

ਵਫ਼ਾਦਾਰ ਹੋਣ ਦਾ ਵਾਇਦਾ ਕੀਤਾ ਹੈ ਪਰ ਫਿਰ ਉਸ ਦੇ ਆਗਿਆਕਾਰੀ ਦੇ ਵਾਇਦੇ ਨੂੰ ਭੁਲਾ ਦਿੱਤਾ ਜਾਂ ਮੁਲਤਵੀ ਕਰ ਦਿੱਤਾ। ਇਸ ਦੀ ਇੱਕ ਉਦਾਹਰਣ ਕੂਚ 24:1-8 ਵਿਚ ਪਾਈ ਜਾਂਦੀ ਹੈ, ਜਦੋਂ ਮੂਸਾ ਸੀਨਈ ਪਹਾੜ ਤੋਂ ਹੇਠਾਂ ਉੱਤਰਿਆ ਅਤੇ ਲੋਕਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਨਿਯਮ ਸੁਣਾਏ। ਉਸ ਦੇ ਉੱਤਰ ਵਿਚ, ਇਸਰਾਏਲੀਆਂ ਨੇ ਕਿਹਾ, "ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ" (24:3)। ਫਿਰ, ਫਿਰ (ਪ੍ਰਾਸਚਿਤ ਦੇ ਲਈ; ਲੇਵੀਆਂ 1:1-9) ਹੋਮ ਦੀਆਂ ਅਤੇ ਸੁੱਖ-ਸਾਂਦ ਦੀਆਂ ਭੇਟਾਂ ਚੜ੍ਹਾਉਣ ਤੋਂ ਬਾਅਦ, ਮੂਸਾ ਨੇ ਨੇਮ ਦੀ ਪੋਥੀ ਲੈ ਕੇ ਇਸ ਨੂੰ ਲੋਕਾਂ ਦੇ ਲਈ ਪੜ੍ਹਿਆ। ਫਿਰ, ਉਨ੍ਹਾਂ ਨੇ ਪੁਸ਼ਟੀ ਕੀਤੀ, "ਅਸੀਂ ਸਭ ਕੁਝ ਜੋ ਯਹੋਵਾਹ ਬੋਲਿਆ ਹੈ ਕਰਾਂਗੇ ਅਤੇ ਮੰਨਾਂਗੇ" (ਕੂਚ 24:7)। ਪਰ, ਉਨ੍ਹਾਂ ਦੀ ਵਚਨਬੱਧਤਾ ਅਕਸਰ ਸਵੇਰ ਦੀ ਤ੍ਰੇਲ ਦੇ ਵਾਂਙੁ ਹੁੰਦੀ ਸੀ ਜੋ ਸੂਰਜ ਦੇ ਚੜ੍ਹਦਿਆਂ ਹੀ ਉੱਡ ਜਾਂਦੀ ਹੈ (ਹੋਸ਼ੇਆ 6:4)। ਇੱਥੋਂ ਤੱਕ ਕਿ ਜਦੋਂ ਮੂਸਾ ਦਸ ਹੁਕਮਾਂ ਵਾਲੀਆਂ ਪੱਟੀਆਂ ਨੂੰ ਗ੍ਰਹਿਣ ਕਰਨ ਦੇ ਲਈ ਸੀਨਈ ਪਹਾੜ ਤੇ ਗਿਆ ਸੀ, ਤਾਂ ਲੋਕਾਂ ਨੇ ਸੋਨੇ ਦੇ ਵੱਛੇ ਦੀ ਪੂਜਾ ਕੀਤੀ ਅਤੇ ਉਸ ਨੂੰ ਮੱਥਾ ਟੇਕਿਆ। ਉਨ੍ਹਾਂ ਨੇ ਮਨੁੱਖ ਦੇ ਦੁਆਰਾ ਬਣਾਈ ਗਈ ਮੂਰਤ ਨੂੰ ਉਸ ਪਰਮੇਸ਼ੁਰ ਦੇ ਰੂਪ ਵਿਚ ਗ੍ਰਹਿਣ ਕੀਤਾ ਜੋ ਉਨ੍ਹਾਂ ਨੂੰ ਮਿਸਰ ਦੇਸ ਤੋਂ ਕੱਢ ਲਿਆਇਆ ਸੀ (ਕੂਚ 32:4, 8)।

ਬਾਅਦ ਦੇ ਸਾਲਾਂ ਵਿਚ, ਜ਼ਬੂਰ ਲਿਖਣ ਵਾਲੇ ਨੇ ਬਾਰ ਬਾਰ ਇਸਰਾਏਲੀਆਂ ਦੇ ਵਿਸ਼ਵਾਸ ਦੀ ਕਮੀ, ਅਣਆਗਿਆਕਾਰੀ, ਮੂਰਤੀਪੂਜਾ, ਅਤੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਦੇ ਵਿਸ਼ੇ ਵਿਚ ਦੁੱਖ ਪਰਗਟ ਕੀਤਾ ਹੈ। ਉਨ੍ਹਾਂ ਦੇ ਪਾਪਾਂ ਦਾ ਮੂਲ ਕਾਰਣ ਸੀ ਕਿ ਉਹ ਪ੍ਰਭੂ ਦੇ ਅਦਭੁੱਤ ਕੰਮਾਂ ਨੂੰ ਭੁੱਲ ਜਾਂਦੇ ਸਨ (ਜ਼ਬੂਰਾਂ 78:7-11; 106:7-14, 19-22)। ਪ੍ਰਭੂ ਨੇ ਯਾਕੂਬ ਨੂੰ ਯਾਦ ਦਿਵਾਇਆ ਕਿ, ਅਬਰਾਹਾਮ ਅਤੇ ਇਸਹਾਕ ਦੇ ਪਰਮੇਸ਼ੁਰ ਦੇ ਰੂਪ ਵਿਚ, ਉਹ ਉਸ ਨੂੰ ਉਸੇ ਤਰੀਕੇ ਦੇ ਨਾਲ ਬਰਕਤ ਦੇਵੇਗਾ ਜਿਵੇਂ ਉਸ ਨੇ ਉਸ ਦੇ ਪਿਤਾ ਅਤੇ ਦਾਦੇ ਨੂੰ ਬਰਕਤ ਦਿੱਤੀ ਸੀ। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਵਾਇਦਾ ਕੀਤਾ ਕਿ ਉਹ ਯਾਕੂਬ ਦੇ ਸਫਰ ਵਿਚ ਉਸ ਦੇ ਨਾਲ ਰਹੇਗਾ ਅਤੇ ਉਸ ਨੂੰ ਸਹੀ ਸਲਾਮਤ ਘਰ ਪਹੁੰਚਾਵੇਗਾ। ਪਰ, ਉਸ ਨੂੰ ਬੈਤਏਲ ਵਿਚ ਵਾਪਸ ਜਾ ਕੇ ਅਤੇ ਉਸ ਦੀ ਬੰਦਗੀ ਕਰਕੇ ਆਪਣੀ ਸੁੱਖਣਾ ਨੂੰ ਪੂਰਾ ਕਰਨਾ ਪਿਆ (28:13-15; 31:13; 35:1)।

ਨਵੇਂ ਨੇਮ ਵਿਚ ਉਸੇ ਪ੍ਰਕਾਰ ਦੀ ਚੁਨੌਤੀ ਸਪੱਸ਼ਟ ਹੈ। ਲਗਭਗ ਪੂਰੇ ਦੋ ਅਧਿਆਇ ਇਬਰਾਨੀਆਂ 3 ਅਤੇ 4, ਮਸੀਹੀਆਂ ਨੂੰ ਦੇਰ ਕਰਨ, ਅਵਿਸ਼ਵਾਸ, ਅਤੇ ਪਰਮੇਸ਼ੁਰ ਦੀ ਅਣਆਗਿਆਕਾਰੀ ਦੇ ਖਤਰਿਆਂ ਦੇ ਪ੍ਰਤਿ ਚੇਤਾਵਨੀ ਦਿੰਦੇ ਹਨ। ਲੇਖਕ ਨੇ ਭਰਾਵਾਂ ਨੂੰ ਪੁਰਾਣੇ ਨੇਮ ਵਿਚ ਇਸਰਾਏਲੀਆਂ ਦੇ ਦੁਆਰਾ ਕੀਤੀ ਇੱਕੋ ਕਿਸਮ ਦੀ ਗਲਤੀ ਦੇ ਵਿਸ਼ੇ ਵਿਚ ਚੇਤਾਵਨੀ ਦਿੱਤੀ ਸੀ। ਉਸ ਨੇ ਜ਼ਬੂਰਾਂ ਦੇ ਲੇਖਕ ਦੇ ਸ਼ਬਦਾਂ ਵਿਚ ਉਨ੍ਹਾਂ ਨੂੰ ਬੇਨਤੀ ਕੀਤੀ ਸੀ: "... ਅੱਜ ਜੇ ਤੁਸੀਂ ਉਹ ਦੀ ਅਵਾਜ਼ ਸੁਣੋ, ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ, ਜਿਵੇਂ [ਇਸਰਾਏਲੀਆਂ ਨੇ] ਬਗਾਵਤ ਦੇ ਦਿਨ ਉਜਾੜ ਵਿੱਚ [ਪਰਮੇਸ਼ੁਰ ਦੇ]" (ਇਬਰਾਨੀਆਂ 3:7, 8)। ਪਰਮੇਸ਼ੁਰ ਦੇ ਲੋਕਾਂ ਨੂੰ ਸੁਸਤ ਅਤੇ "ਬੁਰੇ, ਅਵਿਸ਼ਵਾਸੀ ਮਨ" ਨੂੰ ਵਿਕਸਤ ਨਹੀਂ ਕਰਨਾ ਚਾਹੀਦਾ ਹੈ। ਅਜਿਹੀ ਢਿੱਲ ਵਿਨਾਸਕਾਰੀ ਹੋ ਸਕਦੀ ਹੈ, ਜੋ ਉਨ੍ਹਾਂ ਦੀ ਅਣਆਗਿਆਕਾਰੀ ਅਤੇ ਸਵਰਗ ਦੇ ਅਰਾਮ ਵਿਚ ਦਾਖਲ ਹੋ ਸਕਣ ਵਿਚ ਅਸਫਲਤਾ ਦਾ ਕਾਰਣ ਬਣ ਸਕਦੀ ਹੈ (ਇਬਰਾਨੀਆਂ 3:11, 12, 18)।

ਪਤਰਸ ਨੇ ਪਰਮੇਸ਼ੁਰ ਦੇ ਕੁਝ ਲੋਕਾਂ ਵਰਣਨ ਕੀਤਾ ਜਿਨ੍ਹਾਂ ਨੇ "ਅੰਨ੍ਹੇ ਜਾਂ ਦੂਰਅੰਦੇਸ਼ੀ" ਨਾ

ਹੋਣ ਦੇ ਕਾਰਣ ਮਸੀਹੀ ਚਰਿੱਤਰ ਦੇ ਸੱਚੇ ਗੁਣਾਂ ਨੂੰ ਵਿਕਸਤ ਨਹੀਂ ਕੀਤਾ ਸੀ। ਉਨ੍ਹਾਂ ਦੀ ਆਤਮਿਕ ਉੱਨਤੀ ਠੱਪ ਹੋ ਗਈ ਸੀ ਕਿਉਂਕਿ ਉਹ "ਭੁੱਲ ਗਏ" ਸਨ ਕਿ ਉਹ ਆਪਣੇ "ਅਗਲੇ ਪਾਪਾਂ" ਤੋਂ ਕਿਵੇਂ ਸ਼ੁੱਧ ਕੀਤੇ ਗਏ ਸਨ (2 ਪਤਰਸ 1:8, 9)। ਉਹ ਪਰਮੇਸ਼ੁਰ ਦੁਆਰਾ "ਸੱਦੇ ਜਾਣ ਅਤੇ ਚੁਣੇ ਜਾਣ" ਦੀ ਬਰਕਤ ਨੂੰ ਭੁੱਲ ਗਏ ਸਨ। ਪੌਲੁਸ ਰਸੂਲ ਨੇ ਉਨ੍ਹਾਂ ਨੂੰ "ਇਨ੍ਹਾਂ ਕੰਮਾਂ ਨੂੰ ਕਰਨ" ਦੀ ਤਗੀਦ ਕੀਤੀ ਤਾਂ ਕਿ ਉਹ "ਕਦੇ ਠੇਢਾ ਨਾ ਖਾਣ" (2 ਪਤਰਸ 1:10; ESV)। ਉਹ ਨਹੀਂ ਚਾਹੁੰਦਾ ਕਿ ਉਹ ਆਪਣੀ ਮੁਕਤੀ ਨੂੰ ਗੁਆ ਲੈਣ।

ਆਗਿਆਕਾਰੀ ਕਰਨਾ ਭੁੱਲਣਾ ਜਾਂ ਉਸ ਵਿਚ ਢਿੱਲਾ ਪੈਣਾ ਯਾਕੂਬ ਦੀਆਂ ਉਨ੍ਹਾਂ ਸਮੱਸਿਆਵਾਂ ਦੇ ਸਮਾਨ ਹੈ ਜਿਨ੍ਹਾਂ ਦਾ ਹਵਾਲਾ ਪਤਰਸ ਨੇ ਦਿੱਤਾ ਸੀ। ਪਰਮੇਸ਼ੁਰ ਨੇ ਪੁਰਖੇ ਨੂੰ ਬੈਤਏਲ ਵਾਪਸ ਜਾਣ ਦੀ ਯਾਦ ਦੁਆਈ ਸੀ, ਕਿਉਂਕਿ, ਆਗਿਆਕਾਰੀ ਕਰਨ ਵਿਚ ਦੇਰ ਕਰਨ ਦੇ ਦੁਆਰਾ, ਯਾਕੂਬ ਆਪਣੇ ਆਪ ਨੂੰ ਇਸ ਖਤਰੇ ਵਿਚ ਪਾ ਰਿਹਾ ਸੀ ਕਿ ਉਹ ਇਹ ਭੁੱਲ ਜਾਵੇ ਕਿ ਪਰਮੇਸ਼ੁਰ ਨੇ ਉਸ ਨੂੰ ਕਿਉਂ ਬੁਲਾਇਆ ਸੀ ਅਤੇ ਬਰਕਤ ਦਿੱਤੀ ਸੀ। ਆਪਣੀ ਸੁੱਖਣਾ ਨੂੰ ਪੂਰੀ ਕਰਨ ਵਿਚ ਲਾਪਰਵਾਹੀ ਦੇ ਵਿਹਾਰ ਨੂੰ ਪ੍ਰਦਰਸ਼ਿਤ ਕਰਨ ਦੇ ਦੁਆਰਾ, ਉਹ ਆਪਣੇ ਪਰਿਵਾਰ ਦੇ ਸਾਹਮਣੇ ਇੱਕ ਬੁਰੀ ਉਦਾਹਰਣ ਨੂੰ ਪੇਸ਼ ਕਰ ਰਿਹਾ ਸੀ। ਯਾਕੂਬ ਨੂੰ ਪਰਮੇਸ਼ੁਰ ਦੀ ਸੇਵਾ ਕਰਨ ਦੇ ਆਪਣੇ ਵਾਇਦੇ ਦੇ ਪ੍ਰਤਿ ਗੰਭੀਰ ਹੋਣ ਦੀ ਲੋੜ ਸੀ।

*ਆਪਣੇ ਆਪ ਨੂੰ ਸ਼ੁੱਧ ਕਰਨਾ ਅਤੇ ਸਿਰਫ ਪਰਮੇਸ਼ੁਰ ਦੀ ਭਗਤੀ ਕਰਨੀ।* ਪਰਮੇਸ਼ੁਰ ਨੇ ਯਾਕੂਬ ਨੂੰ ਚਾਰ ਪਤਨੀਆਂ, ਬਾਰ੍ਹਾਂ ਬੱਚਿਆਂ,[9] ਜਾਨਵਰਾਂ ਦੇ ਇੱਕ ਵੱਡੇ ਧਨ, ਉਨ੍ਹਾਂ ਦੀ ਦੇਖਭਾਲ ਕਰਨ ਦੇ ਲਈ ਨੌਕਰਾਂ ਦੇ ਦੁਆਰਾ ਬੇਸ਼ੁਮਾਰ ਬਰਕਤ ਦਿੱਤੀ ਸੀ। ਪਰ, ਪੁਰਖੇ ਨੂੰ ਇਹ ਬਰਕਤਾਂ ਇਸ ਲਈ ਨਹੀਂ ਮਿਲੀਆਂ ਸਨ ਕਿਉਂਕਿ ਉਹ ਇਨ੍ਹਾਂ ਦੇ ਯੋਗ ਸੀ; ਇਸ ਦੇ ਉਲਟ, ਪਰਮੇਸ਼ੁਰ ਨੇ ਉਸ ਦੀਆਂ ਗਲਤੀਆਂ ਅਤੇ ਪਾਪਾਂ ਦੇ ਬਾਵਜੂਦ ਵੀ ਉਸ ਨੂੰ ਬਰਕਤ ਦਿੱਤੀ ਸੀ। ਪ੍ਰਭੂ ਦੇ ਦਿਆਲੂਤਾ ਦੇ ਪ੍ਰਤਿਉੱਤਰ ਵਿਚ, ਯਾਕੂਬ ਨੂੰ ਚਾਹੀਦਾ ਸੀ ਕਿ ਉਹ ਆਪਣੇ ਬੱਚਿਆਂ ਨੂੰ ਇੱਕ ਸੱਚੇ ਪਰਮੇਸ਼ੁਰ ਦੇ ਵਿਸ਼ੇ ਵਿਚ ਅਤੇ ਕਿਵੇਂ ਯੋਗ ਤਰੀਕੇ ਦੇ ਨਾਲ ਉਸ ਦੀ ਬੰਦਗੀ ਕਰਨੀ ਚਾਹੀਦੀ ਸਿਖਾਵੇ। ਉਤਪਤ ਦੀ ਲਿਖਤ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਇਨ੍ਹਾਂ ਫਰਜ਼ਾਂ ਨੂੰ ਨਿਭਾਉਣ ਵਿਚ ਲਾਪਰਵਾਹ ਜਾਂ ਅਸਫਲ ਰਿਹਾ ਸੀ।

ਮਾਤਾ-ਪਿਤਾ, ਖਾਸ ਤੌਰ ਤੇ ਪਿਤਾਵਾਂ ਦੀ, ਹਮੇਸ਼ਾ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਆਪਣੇ ਬੱਚਿਆਂ ਦੇ ਸਾਹਮਣੇ ਇੱਕ ਚੰਗੀ ਉਦਾਹਰਣ ਰੱਖਣ ਤੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਵਿਸ਼ੇ ਵਿਚ ਨਿਰਦੇਸ਼ ਦੇਣ। ਪੌਲੁਸ ਨੇ ਪਿਤਾਵਾਂ ਨੂੰ ਸਲਾਹ ਦਿੱਤੀ ਕਿ "ਪ੍ਰਭੁ ਦੀ ਸਿੱਖਿਆ ਅਤੇ ਮੱਤ ਦੇ ਕੇ" ਬੱਚਿਆਂ ਦੀ ਪਾਲਣਾ ਕਰੋ (ਅਫ਼ਸੀਆਂ 6:4; ਵੇਖੋ ਕੁਲੁੱਸੀਆਂ 3:21)। ਬੇਸ਼ੱਕ, ਬੱਚੇ ਨੂੰ ਪਾਲਣ ਵਿਚ ਮਾਂ ਵੀ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ; ਪਰ ਜਦੋਂ ਪਿਤਾ ਇਸ ਵਿਸ਼ੇ ਵਿਚ ਕਮਜ਼ੋਰ ਹੁੰਦੇ ਹਨ ਜਾਂ ਘਰਾਂ ਵਿਚ ਗ਼ੈਰ-ਹਾਜ਼ਰ ਹੁੰਦੇ ਹਨ, ਤਾਂ ਪੁੱਤਰਾਂ ਦੇ ਭਟਕ ਜਾਣ ਦੀ ਅਤੇ ਗੈਰ-ਕਾਨੂੰਨੀ ਕੰਮਾਂ ਵਿਚ ਫਸ ਜਾਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ।

ਪਰਮੇਸ਼ੁਰ ਦੀ ਬੁਲਾਹਟ ਦੇ ਪ੍ਰਤਿਉੱਤਰ ਵਿਚ, ਯਾਕੂਬ ਨੇ ਆਪਣੇ ਘਰਾਣੇ ਨੂੰ ਇਹ ਕਹਿੰਦੇ ਹੋਏ, ਹੁਕਮ ਦਿੱਤਾ, "ਪਵਿੱਤਰ ਹੋਵੋ ਅਰ ਆਪਣੇ ਬਸਤਰ ਬਦਲ ਲਓ" (35:2)। ਸਰੀਰ ਨੂੰ ਧੋਣਾ ਅਤੇ ਸਾਫ ਕੱਪੜੇ ਪਹਿਨਣਾ ਪਰਮੇਸ਼ੁਰ ਦੀ ਹਜ਼ੂਰੀ ਵਿਚ ਪ੍ਰਵੇਸ਼ ਕਰਨ ਦੀ ਤਿਆਰੀ ਦਾ ਇੱਕ ਪ੍ਰਤੀਕਾਤਮਕ ਤਰੀਕਾ ਸੀ ਅਤੇ/ਜਾਂ ਕਿਸੇ ਦੇ ਜੀਵਨ ਵਿਚ ਨਵੀਂ ਸ਼ੁਰੂਆਤ ਕਰਨਾ ਸੀ, ਜਿਵੇਂ ਸੀਨਈ ਪਹਾੜ ਤੇ ਇਸਰਾਏਲੀਆਂ ਦੇ ਨਾਲ ਹੋਇਆ ਸੀ (ਕੂਚ 19:10-15)। ਇੱਕ ਤਰ੍ਹਾਂ

ਦੇ ਨਾਲ, ਪਾਪ ਮੈਲ ਦੇ ਸਮਾਨ ਹੈ ਜੋ ਸਾਨੂੰ ਭਰਿਸ਼ਟ ਕਰਦਾ ਹੈ ਅਤੇ ਉਸ ਨੂੰ ਪਰਮੇਸ਼ੁਰ ਦੇ ਦੁਆਰਾ ਧੋਤਾ ਜਾਣਾ ਚਾਹੀਦਾ ਹੈ (ਜ਼ਬੂਰ 51:2, 7; ਯਸਾਯਾਹ 1:16; 2 ਕੁਰਿੰਥੀਆਂ 7:1; 1 ਯੂਹੰਨਾ 1:9)। ਸਾਡੇ ਪੁਰਾਣੇ ਕੱਪੜੇ ਪਾਪ ਦੇ ਪੁਰਾਣੇ ਜੀਵਨ ਨੂੰ, ਆਪਣੇ ਬੁਰੇ ਵਿਹਾਰ ਅਤੇ ਕੰਮਾਂ ਦੇ ਨਾਲ ਦਰਸਾਉਂਦੇ ਹਨ। ਸਾਡੀ ਸਾਰੀ ਧਾਰਮਿਕਤਾ ਬਹੁਤ ਹੀ ਕਮਜ਼ੋਰ ਅਤੇ ਮਾਮੂਲੀ ਹੈ; ਇਹ ਇਸ ਤਰ੍ਹਾਂ ਹੈ ਜਿਵੇਂ ਅਸੀਂ ਆਪਣੇ ਪਵਿੱਤਰ ਪਰਮੇਸ਼ੁਰ ਦੀ ਮੌਜੂਦਗੀ ਦੇ ਵਿਚ ਪਾਟੇ ਚਿੱਥੜੇ ਪਾ ਕੇ ਖੜ੍ਹੇ ਹੋਈਏ (ਯਸਾਯਾਹ 64:6)। ਆਪਣੀ ਕਿਰਪਾ ਦੇ ਨਾਲ, ਪਰਮੇਸ਼ੁਰ ਸਾਨੂੰ ਨਵੇਂ ਕੱਪੜੇ ਅਤੇ ਇੱਕ ਨਵੀਂ ਆਤਮਿਕ ਸ਼ੁਰੂਆਤ ਦਿੰਦਾ ਹੈ। ਪਰਮੇਸ਼ੁਰ ਦੀ ਉਸਤਤ ਦੇ ਸ਼ਬਦ ਬੋਲਦੇ ਹੋਏ, ਯਸਾਯਾਹ ਨੇ ਕਿਹਾ,

> ... ਕਿਉਂ ਜੋ ਉਸ ਮੈਨੂੰ ਮੁਕਤੀ ਦੇ ਬਸਤ੍ਰ ਪਵਾਏ,
> ਉਸ ਧਰਮ ਦੇ ਚੋਗੇ ਨਾਲ ਮੈਨੂੰ ਕੱਜਿਆ,
> ਜਿਵੇਂ ਲਾੜਾ ਸਿਹਰੇ ਨਾਲ ਆਪ ਨੂੰ ਸੁਆਰਦਾ,
> ਅਤੇ ਲਾੜੀ ਆਪਣਿਆਂ ਗਹਿਣਿਆਂ ਨਾਲ ਆਪ ਨੂੰ ਸਿੰਗਾਰਦੀ ਹੈ
> (ਯਸਾਯਾਹ 61:10; ਵੇਖੋ ਜ਼ਕਰਯਾਹ 3:1-5)।

ਨਵੇਂ ਕੱਪੜੇ ਪਾਉਣ ਦਾ ਪ੍ਰਤੀਕ, ਜੋ ਮਾਫ਼ੀ ਅਤੇ ਨਵੀਂ ਸ਼ੁਰੂਆਤ ਨੂੰ ਦਰਸਾਉਂਦਾ ਹੈ, ਨਵੇਂ ਨੇਮ ਵਿਚ ਵੀ ਪ੍ਰਮੁੱਖ ਹੈ (ਲੂਕਾ 15:22; ਪਰਕਾਸ਼ 3:18)। ਪੌਲੁਸ ਨੇ ਇਨ੍ਹਾਂ ਵਿਸ਼ਿਆਂ ਨੂੰ ਮਸੀਹ ਵਿਚ ਵਿਸ਼ਵਾਸ ਅਤੇ ਬਪਤਿਸਮੇ ਦੇ ਸੰਬੰਧ ਵਿਚ ਵਿਕਸਿਤ ਕੀਤਾ ਹੈ, ਜਿਸ ਦੇ ਰਾਹੀਂ ਪਾਪੀ ਪਰਮੇਸ਼ੁਰ ਦਾ ਇੱਕ ਬੱਚਾ ਬਣ ਜਾਂਦਾ ਹੈ ਅਤੇ ਮਸੀਹ ਨੂੰ ਪਹਿਨ ਲੈਂਦਾ ਹੈ (ਗਲਾਤੀਆਂ 3:26, 27)। ਇੱਕ ਆਤਮਿਕ ਅਰਥ ਵਿਚ, ਵਿਅਕਤੀ ਉਸ ਦੀ ਧਾਰਮਿਕਤਾ ਨੂੰ ਪਹਿਨ ਲੈਂਦਾ ਹੈ (2 ਕੁਰਿੰਥੀਆਂ 5:17, 21)। ਯਸਾਯਾਹ ਦੇ ਵਾਂਗ ਕਲਪਨਾ ਦਾ ਇਸਤੇਮਾਲ ਕਰਦੇ ਹੋਏ, ਪੌਲੁਸ ਨੇ ਕਲੀਸਿਆ ਦਾ ਬਿਆਨ ਮਸੀਹ ਦੀ ਲਾੜੀ ਦੇ ਰੂਪ ਵਿਚ ਕੀਤਾ ਹੈ, ਜਿਸ ਨੂੰ ਪਾਣੀ (ਬਪਤਿਸਮੇ) ਨਾਲ ਧੋਤਾ, ਪਵਿੱਤਰ ਕੀਤਾ, ਅਤੇ ਸ਼ੁੱਧ ਕੀਤਾ ਗਿਆ ਹੈ। ਜਦੋਂ ਲੇਲੇ ਦੇ ਵਿਆਹ ਦੀ ਦਾਅਵਤ ਹੁੰਦੀ ਹੈ, ਤਾਂ ਉਹ ਆਪਣੇ ਆਪ ਨੂੰ ਸਾਰੀ ਮਹਿਮਾ ਪਹਿਨੀਂ ਹੋਈ, ਬਿਨਾਂ ਦਾਗ ਜਾਂ ਝੁਰੀ ਤੋਂ, ਪਵਿੱਤਰ ਅਤੇ ਨਿਰਦੋਸ਼ ਪੁਸ਼ਾਕ ਵਿਚ ਪ੍ਰਸਤੁਤ ਕਰੇਗੀ (ਅਫ਼ਸੀਆਂ 5:25-27; ਪਰਕਾਸ਼ 19:7-9)।

*ਅਸੀਂ ਜਿੱਥੇ ਪਰਮੇਸ਼ੁਰ ਦੀ ਸੇਵਾ ਕਰ ਸਕਦੇ ਹਾਂ ਉੱਥੇ ਜਾ ਰਹੇ ਹਾਂ।* ਪਰਮੇਸ਼ੁਰ ਦੀਆਂ ਬਰਕਤਾਂ ਉਨ੍ਹਾਂ ਲੋਕਾਂ ਦੇ ਉੱਤੇ ਹਨ ਜੋ ਉਸ ਦੀ ਬੰਦਗੀ ਕਰਨ ਅਤੇ ਸੇਵਾ ਕਰਨ ਦੇ ਲਈ ਵਚਨਬੱਧ ਹਨ। ਸ਼ਿਮਓਨ ਅਤੇ ਲੇਵੀ ਦੇ ਦੁਆਰਾ ਸ਼ਕਮ ਦੇ ਲੋਕਾਂ ਦੇ ਭਾਰੀ ਕਤਲੇਆਮ ਅਤੇ ਉਨ੍ਹਾਂ ਦੇ ਸ਼ਹਿਰ ਨੂੰ ਲੁੱਟਣ ਤੋਂ ਬਾਅਦ, ਯਾਕੂਬ ਨੂੰ ਡਰ ਸੀ ਕਿ ਕਨਾਨੀ ਲੋਕ ਇੱਕ ਸ਼ਕਤੀਸ਼ਾਲੀ ਫੌਜ਼ ਦੇ ਰੂਪ ਵਿਚ ਇਕੱਠੇ ਹੋ ਕੇ ਉਸ ਉੱਤੇ ਅਤੇ ਉਸ ਦੇ ਨੌਕਰਾਂ ਉੱਤੇ ਚੜ੍ਹ ਆਉਣਗੇ, ਇਸ ਲਈ ਉਨ੍ਹਾਂ ਦਾ ਸਾਰਾ ਦਲ ਨਾਸ ਹੋ ਜਾਵੇਗਾ (34:30)। ਪੁਰਖਾ ਜਾਣਦਾ ਸੀ ਕਿ ਉਹ ਬੈਤਏਲ ਨੂੰ ਮੁੜਣ ਵਿਚ ਦੇਰੀ ਨਹੀਂ ਕਰ ਸਕਦਾ ਸੀ। ਉਸ ਨੂੰ ਜ਼ਰੂਰ ਆਪਣੀ ਸੁੱਖਣਾ ਨੂੰ ਪੂਰਾ ਕਰਨਾ ਚਾਹੀਦਾ ਸੀ, ਅਤੇ ਇੱਕ ਜਗਵੇਦੀ ਬਣਾਉਣੀ ਚਾਹੀਦੀ ਸੀ। ਇਸ ਲਈ, ਉਸ ਨੇ ਅਤੇ ਉਸ ਦੇ ਦਲ ਨੇ ਮਿਲ ਕੇ ਦੱਖਣ ਵੱਲ ਪਰਮੇਸ਼ੁਰ ਦੇ ਨਾਲ ਮੁਲਾਕਾਤ ਦੇ ਸਥਾਨ ਵੱਲ ਯਾਤਰਾ ਸ਼ੁਰੂ ਕਰ ਦਿੱਤੀ। ਆਪਣੇ ਡਰ ਦੇ ਬਾਵਜੂਦ, ਯਾਕੂਬ ਜਾਣਦਾ ਸੀ ਕਿ ਸਭ ਤੋਂ ਸ਼ਾਨਦਾਰ ਭਵਿੱਖ ਦਾ ਰਾਹ ਬੈਤਏਲ ਅਤੇ ਪਰਮੇਸ਼ੁਰ ਦੇ ਕੋਲ ਵਾਪਸ ਜਾਣਾ ਸੀ। ਉਸ ਨੂੰ ਭਰੋਸਾ ਕਰਨ ਦੀ ਲੋੜ ਸੀ ਕਿ

ਪਰਮੇਸ਼ੁਰ ਉਸ ਨੂੰ ਅਤੇ ਉਸ ਦੇ ਲੋਕਾਂ ਨੂੰ ਖਤਰੇ ਤੋਂ ਬਚਾਵੇਗਾ ਅਤੇ ਉਸ ਦੀ ਯਾਤਰਾ ਨੂੰ ਕਾਮਯਾਬ ਬਣਾਵੇਗਾ (28:15)। ਅਸਲ ਵਿਚ ਉਹੀ ਹੋਇਆ। ਉਤਪਤ 35:5 ਦੇ ਅਨੁਸਾਰ, ਉਨ੍ਹਾਂ ਦੇ ਉਦਾਲੇ-ਪੁਦਾਲੇ ਦੇ ਨਗਰਾਂ ਉੱਤੇ "ਪਰਮੇਸ਼ੁਰ ਦਾ ਡਰ" ਆਣ ਪਿਆ, ਅਤੇ ਉਨ੍ਹਾਂ ਨੇ ਯਾਕੂਬ ਦੇ ਪਰਿਵਾਰ ਤੇ ਕੋਈ ਹਮਲਾ ਨਹੀਂ ਕੀਤਾ।

ਇਸੇ ਤਰ੍ਹਾਂ ਦਾ ਡਰ ਅਤੇ ਦਹਿਸ਼ਤ ਉਸ ਸਮੇਂ ਇਸਰਾਏਲੀਆਂ ਦੇ ਅੱਗੇ ਗਈ ਸੀ ਜਦੋਂ ਇਸਰਾਏਲੀ ਮਿਸਰ ਤੋਂ ਜੰਗਲ ਦੇ ਵਿਚੋਂ ਦੀ ਹੋ ਕੇ ਵਾਇਦਾ ਕੀਤੇ ਹੋਏ ਦੇਸ ਦੇ ਵਿਚ ਗਏ ਸਨ। ਆਲੇ-ਦੁਆਲੇ ਦੀਆਂ ਕੌਮਾਂ ਨੇ ਉਨ੍ਹਾਂ ਦੇ ਉੱਤੇ ਹਮਲਾ ਨਹੀਂ ਕੀਤਾ; ਇਸ ਦੀ ਬਜਾਇ, ਉਹ ਥਰਥਰਾਏ ਅਤੇ ਪਿਘਲ ਗਏ (ਕੂਚ 15:13-16)। ਜਦੋਂ ਹਸ਼ਬੋਨ ਦੇ ਰਾਜੇ, ਸੀਹੋਨ ਨੇ, ਇਸਰਾਏਲੀਆਂ ਦੇ ਕਨਾਨ ਜਾਣ ਦੇ ਰਸਤੇ ਵਿਚ ਉਸ ਨੂੰ ਲੰਘਣ ਨਾ ਦਿੱਤਾ, ਤਾਂ ਪਰਮੇਸ਼ੁਰ ਨੇ ਸਭ ਲੋਕਾਂ ਦੇ ਉੱਤੇ ਉਨ੍ਹਾਂ ਦੀ ਜਿੱਤ ਨੂੰ ਨਿਸ਼ਚਤ ਕਰਨ ਦੇ ਲਈ "ਡਰ ਅਤੇ ਦਹਿਸ਼ਤ" ਨੂੰ ਪਾ ਦਿੱਤਾ (ਬਿਵਸਥਾ ਸਾਰ 2:24, 25)। ਜਦੋਂ ਕਨਾਨ ਦੀ ਜਿੱਤ ਸ਼ੁਰੂ ਕਰਨ ਦਾ ਸਮਾਂ ਸੀ, ਤਾਂ ਰਾਹਾਬ ਨੇ ਇਹ ਕਹਿੰਦੇ ਹੋਏ ਇਸਰਾਏਲੀਆਂ ਦੇ ਜਸੂਸਾਂ ਦੀ ਸੁਰੱਖਿਆ ਕੀਤੀ ਸੀ, "ਮੈਂ ਜਾਣਦੀ ਹਾਂ ਕਿ ਯਹੋਵਾਹ ਨੇ ਏਹ ਦੇਸ ਤੁਹਾਨੂੰ ਦੇ ਦਿੱਤਾ ਹੈ ਅਤੇ ਤੁਹਾਡਾ ਭੈ ਅਸਾਂ ਲੋਕਾਂ ਉੱਤੇ ਆ ਪਿਆ ਹੈ ਅਤੇ ਏਸ ਦੇਸ ਦੇ ਸਾਰੇ ਵਸਨੀਕ ਤੁਹਾਡੇ ਅੱਗੋਂ ਢਲੇ ਜਾਂਦੇ ਹਨ" (ਯਹੋਸ਼ੁਆ 2:9)।

ਪਰਮੇਸ਼ੁਰ ਦੇ ਲੋਕਾਂ ਨੂੰ ਹਾਲੇ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ; ਪਰ ਇਸਰਾਏਲੀਆਂ ਦੇ ਕੋਲ ਪਰਮੇਸ਼ੁਰ ਦਾ ਅਨੋਖਾ ਵਾਇਦਾ ਸੀ, ਜੋ ਪਹਿਲਾਂ ਅਬਰਾਹਾਮ ਨੂੰ ਦਿੱਤਾ ਗਿਆ ਸੀ, ਕਿ ਉਸ ਦੀ ਅੰਸ ਅਕਾਸ਼ ਦੇ ਤਾਰਿਆਂ ਦੇ ਵਾਂਗ ਵਧੇਗੀ। ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ, ਚਾਰ ਸੌ ਸਾਲ ਦੇ ਜ਼ੁਲਮ ਅਤੇ ਗੁਲਾਮੀ ਤੋਂ ਬਾਅਦ, ਉਹ ਉਨ੍ਹਾਂ ਨੂੰ ਬਾਹਰ ਕੱਢ ਲਿਆਵੇਗਾ ਅਤੇ ਉਨ੍ਹਾਂ ਨੂੰ ਵਾਇਦਾ ਕੀਤੇ ਹੋਏ ਦੇਸ ਵਿਚ ਲੈ ਜਾਵੇਗਾ, ਅਤੇ ਉੱਥੇ ਉਨ੍ਹਾਂ ਨੂੰ ਸਥਾਪਤ ਕਰੇਗਾ (15:5-7, 13-21)। ਇੱਥੋਂ ਤੱਕ ਕਿ ਕਨਾਨ ਦੀ ਧਰਤੀ ਦੇਣ ਤੋਂ ਬਾਅਦ ਵੀ, ਉਨ੍ਹਾਂ ਦੇ ਉੱਤੇ ਚੰਗੇ ਸਮੇਂ ਅਤੇ ਮਾੜੇ ਸਮੇਂ, ਜਿੱਤਾਂ ਅਤੇ ਹਾਰਾਂ ਆਉਂਦੇ ਰਹੇ ਸਨ। ਪਰਮੇਸ਼ੁਰ ਹਮੇਸ਼ਾ ਉਨ੍ਹਾਂ ਨੂੰ ਬਰਕਤ ਦੇਣਾ ਚਾਹੁੰਦਾ ਸੀ, ਪਰ ਉਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਵਿਦਰੋਹ ਕਰਨ ਦੇ ਦੁਆਰਾ ਨਿਰੰਤਰ ਆਪਣੇ ਆਪ ਦੇ ਉੱਤੇ ਦੁੱਖ ਅਤੇ ਮੌਤ ਨੂੰ ਲਿਆਉਣਾ ਜਾਰੀ ਰੱਖਿਆ।

ਵੱਖ ਵੱਖ ਕਾਰਣਾਂ ਦੇ ਕਾਰਣ, ਚੰਗੇ ਅਤੇ ਬੁਰੇ ਦੋਵਾਂ ਕਿਸਮ ਦੇ ਲੋਕਾਂ ਤੇ ਦੁੱਖ ਆਉਂਦੇ ਹਨ। (1) ਬੁਨਿਆਦੀ ਵਿਆਖਿਆ ਇਹ ਹੈ ਕਿ ਅਸੀਂ ਇੱਕ ਅਜਿਹੇ ਸੰਸਾਰ ਵਿਚ ਰਹਿੰਦੇ ਹਾਂ ਜਿਸ ਵਿਚ ਕਿਸੇ ਨੂੰ ਵੀ ਅਦਨ ਦੇ ਬਾਗ ਵਿਚ ਸ਼ੁਰੂ ਹੋਈ ਮੌਤ ਅਤੇ ਪਾਪ ਤੋਂ ਮੁਕਤ ਨਹੀਂ ਕੀਤਾ ਗਿਆ ਹੈ, ਜਦੋਂ ਉਨ੍ਹਾਂ ਨੂੰ ਉੱਥੋਂ ਕੱਢ ਦਿੱਤਾ ਗਿਆ ਸੀ (2:15-17; 3:23, 24)। ਇਹ ਕਮਜ਼ੋਰੀਆਂ ਨਿਰੰਤਰ ਮਨੁੱਖ ਦੀ ਹਾਲਤ ਦਾ ਇੱਕ ਹਿੱਸਾ ਬਣੀਆਂ ਰਹਿਣਗੀਆਂ ਜਦੋਂ ਤੱਕ "ਆਖਰੀ ਤੁਰ੍ਹੀ" ਨਹੀਂ ਵੱਜਦੀ ਅਤੇ "ਮੌਤ ਫਤਹ ਦੀ ਬੁਰਕੀ" ਨਹੀਂ ਹੋ ਜਾਂਦੀ (1 ਕੁਰਿੰਥੀਆਂ 15:50-58)। (2) ਕਈ ਵਾਰ ਕੁਦਰਤੀ ਆਫਤਾਂ, ਜਿਵੇਂ ਭੁਚਾਲ, ਤੂਫਾਨਾਂ ਅਤੇ ਹੜ੍ਹਾਂ ਦੇ ਕਾਰਣ ਮੁਸੀਬਤਾਂ ਆਉਂਦੀਆਂ ਹਨ। ਅਸੀਂ ਸੀਮਿਤ ਗਿਆਨ ਅਤੇ ਸ਼ਕਤੀ ਦੇ ਕਾਰਣ ਇਨ੍ਹਾਂ ਸ਼ਕਤੀਆਂ ਨੂੰ ਨਿਯੰਤਰਿਤ ਨਹੀਂ ਕਰ ਸਕਦੇ ਹਾਂ। (3) ਕਈ ਵਾਰ ਦੁਰਘਟਨਾਵਾਂ ਦੇ ਕਾਰਣ ਦੁੱਖ ਜਾਂ ਮੌਤ ਆ ਜਾਂਦੇ ਹਨ। ਸ਼ਾਇਦ ਇਹ ਇੱਕ ਬੁਰੇ ਜਾਂ ਲਾਪਰਵਾਹੀ ਵਾਲੇ ਫੈਸਲੇ ਦਾ ਸਿੱਟਾ ਹੋ ਸਕਦੇ ਹਨ ਜੋ ਅਸੀਂ ਡਰਾਇਵਿੰਗ ਕਰਦੇ ਸਮੇਂ ਜਾਂ ਮਸ਼ੀਨਰੀ ਨੂੰ ਚਲਾਉਂਦੇ ਸਮੇਂ ਲੈਂਦੇ ਹਾਂ - ਜ਼ਰੂਰੀ ਨਹੀਂ ਹੈ ਕਿ

ਇਹ ਪਾਪ ਭਰੇ - ਫੈਸਲੇ ਹੋਣ। (4) ਦੁੱਖ ਜਾਂ ਤਕਲੀਫ ਦੂਸਰਿਆਂ ਦੇ ਦੁਆਰਾ ਜਾਣੇ ਜਾਂ ਅਣਜਾਣੇ ਵਿਚ ਕੀਤੇ ਗਏ ਕੰਮਾਂ ਦੇ ਕਾਰਣ ਵੀ ਹੋ ਸਕਦੇ ਹਨ। (5) ਸਾਡੀਆਂ ਆਪਣੀਆਂ ਜਾਂ ਸਾਡੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਦੀਆਂ ਸਵਾਰਥੀ ਇੱਛਾਵਾਂ ਅਤੇ ਆਦਤਾਂ, ਤਬਾਹੀ ਲਿਆ ਸਕਦੀਆਂ ਹਨ ਜੇਕਰ ਉਨ੍ਹਾਂ ਨੂੰ ਨਿਯੰਤਰਣ ਵਿਚ ਨਾ ਲਿਆਇਆ ਜਾਵੇ।

ਸਾਡੇ ਕੋਲ ਕੱਲ ਦਾ ਕੋਈ ਵਾਇਦਾ ਨਹੀਂ ਹੈ; ਪਰ ਕਦੀ ਕਦੀ ਪਰਮੇਸ਼ੁਰ ਆਪਣੇ ਲੋਕਾਂ ਦੀ ਰੱਖਿਆ ਕਰਨ ਦੇ ਲਈ ਆਤੇ ਆਪਣੇ ਵਾਇਦਿਆਂ ਨੂੰ ਪੂਰਾ ਕਰਨ ਦੇ ਲਈ ਸੂਖਮ ਅਤੇ ਨਾਟਕੀ ਤਰੀਕੇ ਦੇ ਨਾਲ ਦਖਲਅੰਦਾਜ਼ੀ ਕਰਦਾ ਹੈ, ਜਿਵੇਂ ਉਸ ਨੇ ਯਾਕੂਬ ਅਤੇ ਇਸਰਾਏਲੀਆਂ ਕੌਮ ਦੇ ਨਾਲ ਕੀਤਾ ਸੀ। ਇੱਥੋਂ ਤੱਕ ਕਿ ਬਾਈਬਲ ਵਿਚ ਵੀ, ਇਹ ਅਪਵਾਦ ਹਨ ਨਾ ਕਿ ਨਿਯਮ। ਯਿਸੂ ਨੇ ਆਪਣੇ ਨਾਲ ਹੋਣ ਵਾਲੇ ਵਿਸ਼ਵਾਸਘਾਤ ਦੀ ਰਾਤ ਆਪਣੇ ਚੇਲਿਆਂ ਨੂੰ ਕਿਹਾ, "ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਹੌਂਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ" (ਯੂਹੰਨਾ 16:33)। ਉਹ ਸਾਰੇ ਰਸੂਲ ਜਿਨ੍ਹਾਂ ਨੂੰ ਪ੍ਰਭੂ ਨੇ ਮਹਾਨ ਆਗਿਆ ਦਿੱਤੀ ਸੀ (ਮੱਤੀ 28:18-20; ਮਰਕੁਸ 16:15, 16), ਯੂਹੰਨਾ ਨੂੰ ਛੱਡ ਕੇ, ਉਨ੍ਹਾਂ ਦੇ ਵਿਸ਼ੇ ਵਿਚ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀ ਮੌਤ ਸ਼ਹੀਦਾਂ ਦੇ ਰੂਪ ਵਿਚ ਹੋਈ ਸੀ। ਨਿਸ਼ਚਤ ਤੌਰ ਤੇ, ਇਹ ਦਰਸਾਉਂਦਾ ਹੈ ਕਿ ਚੰਗੇ ਲੋਕਾਂ ਦੇ ਨਾਲ ਬੁਰੀਆਂ ਚੀਜ਼ਾਂ ਹੁੰਦੀਆਂ ਹਨ। ਸਭ ਤੋਂ ਮਹਾਨ ਸੰਤ ਅਕਸਰ ਸਭ ਤੋਂ ਮਹਾਨ ਦੁੱਖ ਝੱਲਣ ਵਾਲੇ ਹੋਏ ਹਨ। ਯਿਸੂ ਨੇ ਸਭ ਤੋਂ ਸੁੰਦਰ ਜੀਵਨ ਗੁਜ਼ਾਰਿਆ ਸੀ ਜਿਹਾ ਸੰਸਾਰ ਨੇ ਕਦੀ ਵੀ ਨਹੀਂ ਵੇਖਿਆ ਸੀ, ਪਰ ਤਾਂ ਵੀ ਇੱਕ ਰੋਮੀ ਸਲੀਬ ਦੇ ਉੱਤੇ ਕਿੱਲਾਂ ਨਾਲ ਜਕੜੇ ਜਾਣ ਤੋਂ ਪਹਿਲਾਂ ਉਸ ਨੂੰ ਭਿਆਨਕ ਦੁੱਖ ਅਤੇ ਦੁਰਵਿਹਾਰ ਦਾ ਸਾਹਮਣਾ ਕਰਨਾ ਪਿਆ। ਪਰਮੇਸ਼ੁਰ ਨੇ ਹਮੇਸ਼ਾ ਸਮੂਹਿਕ ਤੇ ਆਪਣੇ ਲੋਕਾਂ ਦੇ ਨਾਲ, ਨਾਲ ਦੀ ਨਾਲ ਵਿਅਕਤੀਗਤ ਤੌਰ ਤੇ ਜਿਵੇਂ ਯਾਕੂਬ ਦੇ ਨਾਲ ਬਰਕਤਾਂ ਦੇ ਵਾਇਦੇ ਕੀਤੇ ਹਨ; ਪਰ ਉਸ ਨੇ ਕਿਸੇ ਨੂੰ ਵੀ ਦਿਲ ਦੁੱਖਣ ਜਾਂ ਜੀਵਨ ਵਿਚ ਦੁੱਖ ਤੋਂ ਦੂਰ ਰੱਖਣ ਦੀ ਗਰੰਟੀ ਨਹੀਂ ਦਿੱਤੀ ਹੈ।

ਜਦੋਂ ਯਾਕੂਬ ਬੈਤਏਲ ਨੂੰ ਮੁੜਿਆ, ਤਾਂ ਉਸ ਨੇ ਇੱਕ ਜਗਵੇਦੀ ਬਣਾਈ ਅਤੇ ਪ੍ਰਭੂ ਦੀ ਬੰਦਗੀ ਕੀਤੀ, ਅਤੇ ਉਸ ਸਥਾਨ ਦਾ ਨਾਮ "ਏਲ ਬੈਤਏਲ" ਰੱਖਿਆ, ਅਰਥਾਤ, "ਬੈਤਏਲ ਦਾ ਪਰਮੇਸ਼ੁਰ" (35:7)। ਇਸ ਮਹਾਨ ਪਲ ਤੋਂ ਬਾਅਦ, ਅਗਲੀ ਆਇਤ ਉਲੇਖ ਕਰਦੀ ਹੈ ਕਿ "ਰਿਬਕਾਹ ਦੀ ਦਾਈ ਦਬੋਰਾਹ ਮਰ ਗਈ" (35:8). ਇਹ ਵਿਸ਼ਵਾਸਯੋਗ ਇਸਤਰੀ, ਯਾਕੂਬ ਦੀ ਮਾਂ ਦੀ ਇੱਕ ਦਾਈ, ਹੋ ਸਕਦਾ ਹੈ ਕਿ ਇਹ ਛੋਟੇ ਸਮੇਂ ਪੁਰਖੇ ਦੀ ਵੀ ਦਾਈ ਰਹੀ ਹੋਵੇ। ਉਹ ਜ਼ਰੂਰ ਆਪਣੇ ਪਰਿਵਾਰ ਦੇ ਇੱਕ ਬਜ਼ੁਰਗ ਮੈਂਬਰ ਦੇ ਤੌਰ ਤੇ ਉਸ ਦੇ ਨਾਲ ਪਿਆਰ ਕਰਦਾ ਹੋਵੇਗਾ, ਅਤੇ ਜ਼ਰੂਰ ਉਸ ਦੀ ਮੌਤ ਨੇ ਸੱਚਮੁੱਚ ਉਸ ਨੂੰ ਦੁੱਖੀ ਕੀਤਾ ਹੋਵੇਗਾ।

ਇਸ ਘਾਟੇ ਦੇ ਕਾਰਣ ਉਸ ਦੇ ਮਨ ਦੀ ਉਦਾਸੀ ਤੋਂ ਬਾਅਦ, ਪਰਮੇਸ਼ੁਰ ਨੇ ਦੁਬਾਰਾ ਉਸ ਉੱਤੇ ਪਰਗਟ ਹੋ ਕੇ ਉਸ ਦੇ ਮਨ ਨੂੰ ਉਭਾਰਿਆ। ਉਸ ਨੇ ਪੁਰਖੇ ਦੀਆਂ ਬਰਕਤਾਂ ਨੂੰ ਨਵਾਂ ਕੀਤਾ ਅਤੇ ਉਸ ਦੇ ਨਾਮ ਨੂੰ "ਯਾਕੂਬ" ਤੋਂ ਬਦਲ ਕੇ "ਇਸਰਾਏਲੀਆਂ" ਰੱਖ ਦਿੱਤਾ (35:10)। ਇਸ ਮੁਲਾਕਾਤ ਦੇ ਸਮੇਂ, ਪਰਮੇਸ਼ੁਰ ਨੇ ਆਪਣੇ ਆਪ ਦਾ ਹਵਾਲਾ "ਸਰਬਸ਼ਕਤੀਮਾਨ ਪਰਮੇਸ਼ੁਰ" (אֵל שַׁדָּי, *ਏਲ ਸ਼ਾਡਈ*) ਦੇ ਰੂਪ ਵਿਚ ਦਿੱਤਾ, ਉਹ ਨਾਮ ਜਿਸ ਦੇ ਦੁਆਰਾ ਉਸ ਨੇ ਅਬਰਾਹਾਮ ਤੇ ਆਪਣੇ ਆਪ ਨੂੰ ਪਰਗਟ ਕੀਤਾ ਸੀ (17:1) ਅਤੇ ਉਹ ਨਾਮ ਜੋ ਇਸਹਾਕ ਨੇ 28:3 ਵਿਚ ਇਸਤੇਮਾਲ ਕੀਤਾ ਸੀ।

ਇਸ ਤੋਂ ਇਲਾਵਾ, ਉਸ ਨੇ ਵਾਇਦੇ ਦੀ ਧਰਤੀ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਯਾਕੂਬ

(ਇਸਰਾਏਲੀਆਂ) ਤੋਂ, ਕੌਮਾਂ ਦੇ ਜੱਥੇ ਨਿੱਕਲਣਗੇ ਜਿਨ੍ਹਾਂ ਵਿਚ ਰਾਜੇ ਵੀ ਹੋਣਗੇ (35:11, 12)। ਜਦੋਂ ਦਰਸ਼ਣ ਖਤਮ ਹੋ ਗਿਆ, ਯਾਕੂਬ ਨੇ ਇੱਕ ਪੱਥਰ ਦਾ ਥੰਮ੍ਹ ਖੜਾ ਕਰ ਦਿੱਤਾ ਅਤੇ ਉਸ ਉੱਤੇ ਪੀਣ ਦੀ ਭੇਟ ਡੋਹਲੀ ਅਤੇ ਤੇਲ ਚੁਆਇਆ (35:14)। ਦੂਸਰੀ ਵਾਰ, ਉਸ ਨੇ ਉਸ ਸਥਾਨ ਨੂੰ "ਬੈਤਏਲ" ਕਿਹਾ, ਜਿਸ ਦਾ ਅਰਥ ਹੈ "ਪਰਮੇਸ਼ੁਰ ਦਾ ਘਰ" (35:15; ਵੇਖੋ 28:17)।

ਜਦੋਂ ਉਨ੍ਹਾਂ ਦਾ ਦਲ ਲਗਾਤਾਰ ਦੱਖਣ ਵੱਲ ਯਾਤਰਾ ਕਰ ਰਿਹਾ ਸੀ, ਤਾਂ ਬੈਤਏਲ ਅਤੇ ਬੈਤਲਹਮ ਦੇ ਵਿਚਕਾਰ ਕਿਸੇ ਸਥਾਨ ਤੇ, ਰਾਖੇਲ ਨੂੰ ਬਹੁਤ ਹੀ ਭਿਆਨਕ ਦਰਦਾਂ ਲੱਗ ਗਈਆਂ ਅਤੇ ਉਹ ਬਿਨਯਾਮੀਨ ਨੂੰ ਜਨਮ ਦੇਣ ਦੇ ਸਮੇਂ ਉਸ ਦੀ ਮੌਤ ਹੋ ਗਈ, ਜੋ ਯਾਕੂਬ ਦਾ ਆਖਰੀ ਪੁੱਤਰ ਸੀ। ਇੱਕ ਵਾਰ ਫਿਰ, ਅਸੀਂ ਵੇਖਦੇ ਹਾਂ ਕਿ ਪੁਰਖੇ ਅਤੇ ਉਸ ਦੇ ਪਰਿਵਾਰ ਤੇ ਪਰਮੇਸ਼ੁਰ ਦੀ ਬਰਕਤ ਹੋਣ ਦੇ ਬਾਵਜੂਦ ਉਹ ਦੁੱਖਾਂ ਤੋਂ ਮੁਕਤ ਨਹੀਂ ਸਨ। ਯਾਕੂਬ ਨੇ ਆਪਣੀ ਪਿਆਰੀ ਰਾਖੇਲ ਨੂੰ ਮੌਤ ਦੇ ਕਾਰਣ ਗੁਆ ਲਿਆ।

ਪਰਮੇਸ਼ੁਰ ਦੀਆਂ ਬਰਕਤਾਂ ਦੁੱਖਾਂ ਤੋਂ ਰਹਿਤ ਇੱਕ ਜੀਵਨ ਦੀ ਗਾਰੰਟੀ ਨਹੀਂ ਦਿੰਦੀਆਂ ਹਨ; ਇਸ ਦੀ ਬਜਾਇ, ਪਰਮੇਸ਼ੁਰ ਦੇ ਲੋਕਾਂ ਦੇ ਲਈ ਇਹ ਸੰਦੇਸ਼ ਹੈ ਕਿ ਉਹ ਹਮੇਸ਼ਾ ਸਾਡੇ ਨਾਲ ਹੋਵੇਗਾ। ਭਾਵੇਂ ਭਿਆਨਕ ਪਰੀਖਿਆਵਾਂ ਸਾਨੂੰ ਘੇਰ ਵੀ ਲੈਣ, ਪਰ ਉਸ ਦੀ ਦ੍ਰਿੜ ਕਿਰਪਾ ਸਾਨੂੰ ਸੰਭਾਲੀ ਰੱਖੇਗੀ। ਉਸ ਨੇ ਵਾਇਦਾ ਕੀਤਾ ਹੈ ਕਿ ਉਹ "ਜੁਗ ਦੇ ਅੰਤ ਤੀਕਰ ਹਰ ਵੇਲੇ [ਸਾਡੇ] ਨਾਲ" ਹੈ (ਮੱਤੀ 28:20); "ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ" (ਇਬਰਾਨੀਆਂ 13:5)। ਪ੍ਰਭੂ ਸਾਡੇ ਨਾਲ ਖੜਾ ਹੋਵੇਗਾ, ਸਾਨੂੰ ਤਸੱਲੀ ਦੇਵੇਗਾ, ਸਾਨੂੰ ਤਕੜਾ ਕਰੇਗਾ, ਅਤੇ ਸਾਨੂੰ ਯੋਗ ਕਰੇਗਾ ਕਿ ਅਸੀਂ ਉਸ ਦੇ ਉਦੇਸ਼ ਨੂੰ ਪੂਰਾ ਕਰ ਸਕੀਏ (2 ਤਿਮੋਥਿਉਸ 4:17; ਵੇਖੋ ਜ਼ਬੂਰ 23)।

### ਪ੍ਰਭੂ ਨੂੰ ਪਿਆਰ ਕਰਨਾ (35:1-4)

ਜੇਕਰ ਯਾਕੂਬ ਦੀ ਅੰਸ ਪ੍ਰਭੂ ਨੂੰ ਪਿਆਰ ਕਰਦੀ, ਉਸ ਦੀ ਅਵਾਜ਼ ਨੂੰ ਸੁਣਦੀ, ਅਤੇ ਉਸ ਦੇ ਨਾਲ ਲਿਪਟੀ ਰਹਿੰਦੀ ਤਾਂ ਉਸ ਨੇ ਪਰਮੇਸ਼ੁਰ ਦੇ ਦੁਆਰਾ ਵਾਇਦਾ ਕੀਤੀਆਂ ਹੋਈਆਂ ਮਹਾਨ ਬਰਕਤਾਂ ਦਾ ਅਨੰਦ ਮਾਣਨਾ ਸੀ। ਬਿਵਸਥਾ ਸਾਰ 30:20 ਕਹਿੰਦੀ ਹੈ, "... ਕਿਉਂ ਜੋ ਉਹ ਤੁਹਾਡਾ ਜੀਵਨ ਅਤੇ ਤੁਹਾਡੇ ਦਿਨਾਂ ਦੀ ਲਮਾਨ ਹੈ ਤਾਂ ਜੋ ਤੁਸੀਂ ਉਸ ਜ਼ਮੀਨ ਵਿੱਚ ਵੱਸਿਆ ਕਰੋ ਜਿਹੜੀ ਯਹੋਵਾਹ ਨੇ ਤੁਹਾਡੇ ਪਿਉ ਦਾਦਿਆਂ ਅਰਥਾਤ ਅਬਰਾਹਾਮ, ਇਸਹਾਕ ਅਤੇ ਯਾਕੂਬ ਨੂੰ ਦੇਣ ਲਈ ਸੌਂਹ ਖਾਧੀ ਸੀ।" ਇਸ ਪ੍ਰਸੰਗ ਵਿਚ, ਉਜਾੜ ਵਿਚ ਚਾਲੀ ਸਾਲਾਂ ਤੋਂ ਬਾਅਦ, ਮੂਸਾ ਇਸਰਾਏਲੀਆਂ ਦੀ ਅਗਲੀ ਪੀੜ੍ਹੀ ਨੂੰ ਆਪਣੇ ਪਰਮੇਸ਼ੁਰ ਦੇ ਨਾਲ ਆਪਣੇ ਪੂਰੇ ਦਿਲ, ਆਪਣੀ ਪੂਰੀ ਜਾਨ, ਅਤੇ ਆਪਣੀ ਸਾਰੀ ਸ਼ਕਤੀ ਦੇ ਨਾਲ ਪਿਆਰ ਕਰਨ ਦੇ ਲਈ ਕਹਿ ਰਿਹਾ ਸੀ। ਉਨ੍ਹਾਂ ਦਿਨ ਅਤੇ ਰਾਤ ਆਪਣੇ ਬੱਚਿਆਂ ਨੂੰ ਪ੍ਰਭੂ ਦੇ ਹੁਕਮਾਂ ਨੂੰ, ਉਸ ਦਾ ਆਦਰ ਕਰਨ ਅਤੇ ਸਿਰਫ ਉਸੇ ਦੀ ਬੰਦਗੀ ਕਰਨਾ ਸਿਖਾਉਣਾ ਹੁੰਦਾ ਸੀ (ਬਿਵਸਥਾ ਸਾਰ 6:5-7, 13, 14)। ਮੂਸਾ ਨੇ ਆਪਣੇ ਮਰਨ ਤੋਂ ਥੋੜਾ ਸਮਾਂ ਪਹਿਲਾਂ, ਇਸਰਾਏਲੀਆਂ ਨੂੰ ਯਾਦ ਕਰਵਾਇਆ ਕਿ ਉਸ ਨੇ ਉਨ੍ਹਾਂ ਦੇ ਸਾਹਮਣੇ "ਜੀਵਨ ਅਤੇ ਮੌਤ, ਬਰਕਤ ਅਤੇ ਸਰਾਪ" ਰੱਖਿਆ ਸੀ; ਉਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ "ਜੀਵਨ ਨੂੰ ਚੁਣੋ" ਤਾਂ ਕਿ ਉਹ ਜੀ ਸਕਣ (ਬਿਵਸਥਾ ਸਾਰ 30:19)।

ਆਮ ਤੌਰ ਤੇ, ਲੋਕਾਂ ਨੇ ਜਾਂ ਤਾਂ ਮੂਸਾ ਦੇ ਹੁਕਮ ਨੂੰ ਮੰਨਣ ਵਿਚ ਅਣਗਹਿਲੀ ਕੀਤੀ ਜਾਂ ਇਨਕਾਰ ਕਰ ਦਿੱਤਾ। ਜ਼ਬੂਰ 78 ਵਿਚ ਇੱਕ ਸੰਦੇਸ਼ ਉਸ ਸਮੱਸਿਆ ਨੂੰ ਪਰਗਟ ਕਰਦਾ ਹੈ ਜੋ

ਇਸਰਾਏਲੀਆਂ ਨੂੰ ਉਨ੍ਹਾਂ ਦੇ ਜ਼ਿਆਦਾਤਰ ਇਤਹਾਸ ਵਿਚ ਤੰਗ ਕਰਦੀਆਂ ਹਨ। ਸ਼ੁਰੂਆਤ ਵਿਚ, ਪ੍ਰਚਾਰਕ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਅਤੇ ਮੂਸਾ ਦੀ ਸ਼ਰਾ ਦਾ ਹਵਾਲਾ ਦਿੰਦਾ ਹੈ, ਜਿਸ ਨੂੰ ਪਰਮੇਸ਼ੁਰ ਨੇ ਆਪਣੇ ਲੋਕਾਂ ਦੇ ਲਈ ਇੱਕ ਮਾਰਗ ਦਰਸ਼ਕ ਦੇ ਰੂਪ ਵਿਚ ਸਥਾਪਤ ਕੀਤਾ ਸੀ। ਜ਼ਬੂਰ ਲਿਖਣ ਵਾਲੇ ਨੇ ਪਿਤਾਵਾਂ ਦੇ ਲਈ ਪਰਮੇਸ਼ੁਰ ਦੇ ਹੁਕਮ ਤੇ ਜ਼ੋਰ ਦਿੱਤਾ ਕਿ ਉਹ ਇਹ ਚੀਜ਼ਾਂ "ਆਪਣੀ ਅੰਸ" ਨੂੰ ਸਿਖਾਉਣ ਤਾਂ ਕਿ ਨੌਜਵਾਨ ਪੀੜ੍ਹੀ "ਪਰਮੇਸ਼ੁਰ ਵਿੱਚ ਆਪਣੀ ਆਸ਼ਾ ਰੱਖਣ" (ਜ਼ਬੂਰ 78:4-7)। ਉਸ ਨੇ ਸਲਾਹ ਦਿੱਤੀ ਕਿ ਉਹ "ਆਪਣੇ ਪਿਉ ਦਾਦਿਆਂ ਵਾਂਙੁ ਨਾ ਹੋਣ" ਨਿਰੰਤਰ "ਕੱਬੀ ਤੇ ਆਕੀ ਪੀੜ੍ਹੀ" ਅਤੇ ਆਪਣੇ ਦਿਲਾਂ ਅਤੇ ਆਤਮਾ ਨੂੰ "ਪਰਮੇਸ਼ੁਰ ਵਿਚ ਦ੍ਰਿੜ੍ਹ" ਹੋਣ ਤੋਂ ਇਨਕਾਰ ਕਰਨ ਵਾਲੇ (ਜ਼ਬੂਰ 78:8)। ਉਜਾੜ ਵਿਚ ਇਸਰਾਏਲੀਆਂ ਦੇ ਪਾਪਾਂ ਦਾ ਅਭਿਆਸ ਕਰਨ ਤੋਂ ਬਾਅਦ, ਜ਼ਬੂਰ ਲਿਖਣ ਵਾਲੇ ਨੇ "ਪਵਿੱਤਰ ਥਾਂ" ਵਿਚ ਆਪਣਾ ਵਿਹਾਰ ਬਦਲ ਲਿਆ (ਜ਼ਬੂਰ 78:54), ਜਿੱਥੇ ਉਹ ਆਪਣੇ ਪਿਓ-ਦਾਦਿਆਂ ਦੇ ਦੁਆਰਾ ਬਹੁਤ ਦੇਰ ਦੇ ਪਹਿਲਾਂ ਸਿੱਖੇ ਗਏ ਪਾਠਾਂ ਨੂੰ ਭੁੱਲ ਗਏ। ਪਰਮੇਸ਼ੁਰ ਦੇ ਲੋਕਾਂ ਤੇ ਕਈ ਦੋਸ਼ ਲਾਉਣ ਦੇ ਲਈ, ਲੇਖਕ ਨੇ ਕਿਹਾ ਕਿ ਉਨ੍ਹਾਂ ਨੇ "ਅੱਤ ਮਹਾਨ ਪਰਮੇਸ਼ੁਰ ... ਤੋਂ ਆਕੀ ਹੋ ਗਏ" ਅਤੇ "ਆਪਣਿਆਂ ਉੱਚਿਆਂ ਥਾਵਾਂ ਦੇ ਕਾਰਨ ... ਅਤੇ ਆਪਣੀਆਂ ਉੱਕਰੀਆਂ ਹੋਈਆਂ ਮੂਰਤਾਂ ... ਨੂੰ ਹਿਲਾਇਆ" (ਜ਼ਬੂਰ 78:56-58)।

ਜ਼ਬੂਰ ਵਿਚ ਦਿੱਤੀਆਂ ਗਈਆਂ ਸਮੱਸਿਆਵਾਂ ਯਾਕੂਬ ਦੇ ਜੀਵਨ ਦੀ ਵਿਸ਼ੇਸ਼ਤਾ ਸਨ: ਉਹ ਏਸਾਓ ਦੇ ਜਨਮ ਸਿੱਧ ਅਧਿਕਾਰ ਅਤੇ ਮਰਨ ਦੇ ਵੇਲੇ ਦੀਆਂ ਬਰਕਤ ਦੀ ਇੱਛਾ ਵਿਚ ਲਾਲਚੀ ਅਤੇ ਬੇਈਮਾਨ ਸੀ, ਅਤੇ ਉਹ ਆਪਣੀ ਚਾਲਬਾਜ਼ੀ ਅਤੇ ਛਲ ਦੇ ਨਾਲ ਆਪਣੇ ਪਿਤਾ ਅਤੇ ਭਰਾ ਨੂੰ ਲੱਗਣ ਵਾਲੀ ਸੱਟ ਦੇ ਪ੍ਰਤਿ ਸੰਵੇਦਨਸ਼ੀਲ ਸੀ। ਉਹ ਆਪਣੇ ਪਰਿਵਾਰ ਦੇ ਵਿਚਕਾਰ ਉਨ੍ਹਾਂ ਦੇ ਪੱਖਪਾਤ ਦੇ ਸੰਘਰਸ਼ ਤੋਂ ਅਣਜਾਣ ਸੀ। ਜਦਕਿ ਸਾਡੇ ਕੋਲ ਕੋਈ ਸੰਕੇਤ ਨਹੀਂ ਹੈ ਕਿ ਯਾਕੂਬ ਨੇ ਝੂਠੇ ਦੇਵਤਿਆਂ ਦੀ ਪੂਜਾ ਕੀਤੀ, ਪਰ ਨਿਸ਼ਚਤ ਤੌਰ ਤੇ ਆਪਣੇ ਜੀਵਨ ਦੇ ਜ਼ਿਆਦਾਤਰ ਸਮੇਂ ਵਿਚ ਉਸ ਦੇ ਮਨ ਵਿਚ ਪ੍ਰਭੂ ਦੇ ਲਈ ਪਹਿਲਾ ਸਥਾਨ ਨਹੀਂ ਸੀ। ਉਸ ਨੇ ਖਾਸ ਤੌਰ ਤੇ ਦੁੱਖਾਂ ਦੇ ਸਮਿਆਂ ਵਿਚ ਹੀ ਪਰਮੇਸ਼ੁਰ ਨੂੰ ਪੁਕਾਰਿਆ ਸੀ। ਇੱਕ ਵਾਰ ਜਦੋਂ ਉਸ ਨੇ ਏਸਾਓ ਦੇ ਨਾਲ ਮੇਲ-ਮਿਲਾਪ ਕੀਤਾ ਸੀ, ਉਸ ਨੇ ਆਪਣੇ ਪਰਿਵਾਰ ਨੂੰ ਸੁੱਕੋਥ ਵਿਚ ਵਸਾਉਣ ਦੇ ਸਮੇਂ ਅਤੇ ਫਿਰ ਸ਼ਕਮ ਵਿਚ। ਜਦੋਂ ਉਸ ਦੀ ਧੀ ਦੀਨਾਹ ਦਾ ਬਲਾਤਕਾਰ ਕੀਤਾ ਗਿਆ, ਤਾਂ ਉਹ ਭੜਕਿਆ ਨਹੀਂ ਸਗੋਂ ਸ਼ਾਂਤ ਰਿਹਾ; ਉਸ ਨੇ ਸ਼ਕਮ ਅਤੇ ਹਾਮੋਰ ਦੁਆਰਾ ਪ੍ਰਸਤਾਵਿਤ ਵਿਆਹ ਦੇ ਇਕਰਾਰਨਾਮੇ ਦੀ ਵਾਰਤਾ ਵਿਚ ਵੀ ਕੋਈ ਭੂਮਿਕਾ ਨਹੀਂ ਨਿਭਾਈ ਸੀ। ਇਨ੍ਹਾਂ ਸਾਰੇ ਦਿਨਾਂ ਤੋਂ ਬਾਅਦ, ਯਾਕੂਬ ਨੇ ਆਪਣੇ ਪੁੱਤਰਾਂ ਦੇ ਉੱਤੇ ਆਪਣੇ ਵਧੇਰੇ ਪ੍ਰਭਾਵ ਨੂੰ ਗੁਆ ਲਿਆ ਸੀ। ਨਿਸ਼ਚਤ ਤੌਰ ਤੇ, ਉਹ ਉਸ ਦੇ ਹੱਥ ਤੋਂ ਮਿਲਣ ਵਾਲੇ ਸ਼ਾਸਨ ਤੋਂ ਨਹੀਂ ਡਰਦੇ ਸਨ, ਅਤੇ ਸੁਭਾਵਿਕ ਤੌਰ ਤੇ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਉਸ ਦਾ ਆਦਰ ਕਰਨਾ ਛੱਡ ਦਿੱਤਾ ਸੀ।

ਅਧਿਆਇ 35 ਵਿਚ, ਇਹ ਵੇਖਣਾ ਚੰਗਾ ਹੈ ਕਿ ਆਖਿਰਕਾਰ ਪੁਰਖਾ ਆਪਣੇ ਪਰਿਵਾਰ ਅਤੇ ਨੌਕਰਾਂ ਨੂੰ - ਸ਼ਕਮ ਦੇ ਸਾਰੇ ਗੁਲਾਮਾਂ ਸਮੇਤ ਦੱਸਦਾ ਹੈ - ਕਿ ਪਰਮੇਸ਼ੁਰ ਨੇ ਉਸ ਦੇ ਨਾਲ ਕੀ ਕੀਤਾ ਅਤੇ ਕੀ ਵਾਇਦਾ ਕੀਤਾ ਸੀ। ਯਾਕੂਬ ਵਿਚ ਆਈ ਇਸ ਤਬਦੀਲੀ ਦੇ ਨਾਲ, ਉਸ ਨੂੰ ਸੱਚੇ ਪਰਮੇਸ਼ੁਰ ਦੇ ਨਾਲ ਇੱਕ ਸਹੀ ਸੰਬੰਧ ਬਣਾਉਣ ਅਤੇ ਇੱਕ ਨਵੀਂ ਸ਼ੁਰੂਆਤ ਕਰਨ ਦੀ ਲੋੜ ਸੀ। ਉਨ੍ਹਾਂ ਨੂੰ ਆਪਣੇ ਆਪ ਨੂੰ ਝੂਠੇ ਦੇਵਤਿਆਂ ਤੋਂ ਦੂਰ ਰਹਿਣਾ, ਆਪਣੇ ਆਪ ਨੂੰ ਸ਼ੁੱਧ ਕਰਨਾ, ਅਤੇ ਪਰਮੇਸ਼ੁਰ ਦੀ ਯੋਗ ਸੇਵਾ ਅਤੇ ਬੰਦਗੀ ਦੇ ਲਈ ਸਾਫ ਕੱਪੜੇ ਪਾਉਣ ਦੀ ਲੋੜ ਹੁੰਦੀ ਹੈ

(35:2)। ਯਾਕੂਬ ਨੇ ਜ਼ੋਰ ਦੇ ਕੇ ਕਿਹਾ ਕਿ ਬੈਤਏਲ ਜਾਣ ਤੋਂ ਪਹਿਲਾਂ ਅਤੇ ਪਰਮੇਸ਼ੁਰ ਦੀ ਬੰਦਗੀ ਕਰਨ ਦੇ ਲਈ ਜਗਵੇਦੀ ਬਣਾਉਣ ਤੋਂ ਪਹਿਲਾਂ ਇਹ ਸਭ ਕੁਝ ਕਰਨ ਦੀ ਲੋੜ ਸੀ, ਜਿਸ ਨੇ ਦੁੱਖ ਦੇ ਸਮੇਂ ਵਿਚ ਉਸ ਨੂੰ ਉੱਤਰ ਦਿੱਤਾ ਸੀ ਅਤੇ ਇਨ੍ਹਾਂ ਸਾਲਾਂ ਦੇ ਦੌਰਾਨ ਉਹ ਜਿੱਥੇ ਕਿਤੇ ਵੀ ਗਿਆ ਉਹ ਉਸ ਦੇ ਨਾਲ ਰਿਹਾ ਸੀ (35:3)। ਇੰਨੇ ਲੰਬੇ ਸਮੇਂ ਤੋਂ ਪ੍ਰਭੂ ਦੀਆਂ ਬਰਕਤਾਂ ਅਤੇ ਵਿਸ਼ਵਾਸਯੋਗਤਾ ਦੀ ਗਵਾਹੀ ਨੇ ਯਾਕੂਬ ਦੇ ਦਲ ਦੇ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਉਸ ਦਾ ਸਹਿਯੋਗ ਦੇਣ ਅਤੇ ਆਪਣੀਆਂ ਮੂਰਤੀਆਂ ਨੂੰ ਤਿਆਗ ਦੇਣ (35:4)। ਹੁਣ ਉਹ ਬੈਤਏਲ ਦੀ ਬਾਕੀ ਯਾਤਰਾ ਦੇ ਲਈ ਤਿਆਰ ਕੀਤੇ ਗਏ ਸਨ।

---

ਟਿੱਪਣੀਆਂ

[1]ਅਬਰਾਹਾਮ ਦੇ ਲਈ ਪਰਮੇਸ਼ੁਰ ਦਾ ਹੁਕਮ ਕਿ ਉਹ ਆਪਣੇ ਪੁੱਤਰ ਨੂੰ ਇੱਕ ਬਲੀਦਾਨ ਦੇ ਰੂਪ ਵਿਚ ਚੜ੍ਹਾਵੇ (22:2) ਇਸ ਦਾ ਅਰਥ ਵੇਦੀ ਦੀ ਸਥਾਪਨਾ ਕਰਨਾ ਸੀ। ਹਾਲਾਂਕਿ, ਲਿਖਤ ਵਿਚ ਇੱਕ ਵੇਦੀ ਬਣਾਉਣ ਦਾ ਹੁਕਮ ਵਿਸ਼ੇਸ਼ ਤੌਰ ਤੇ ਨਹੀਂ ਦਿੱਤਾ ਗਿਆ ਹੈ। [2]ਗੋਰਡਨ ਜੇ. ਵੇਨਹੈਮ, *ਜੇਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡੱਲਾਸ: ਵਰਡ ਬੁਕਸ, 1994), 324. [3]ਕਿਉਂਕਿ ਰਾਖੇਲ ਦੀ ਮੌਤ ਹੋ ਗਈ ਅਤੇ ਉਸ ਨੂੰ ਸਲਸਹ ਵਿਚ ਜੋ ਬਿਨਯਾਮੀਨ ਦੀ ਹੱਦ ਵਿਚ ਹੈ, ਬੈਤਲਹਮ ਦੇ ਬਿਲਕੁਲ ਬਾਹਰ ਉਸ ਦੀ ਕਬਰ ਦਾ ਪਰੰਪਾਰਿਕ ਸਥਾਨ ਗਲਤ ਹੈ। [4]*TWOT* 1:23 ਵਿਚ ਵੇਖੋ ਜੀ. ਹਰਬਰਟ ਲਿਵਿੰਗਸਟੋਨ, "אָוֶן" ਇੱਕ ਸਮਾਨ ਕਹਾਣੀ ਦੇ ਲਈ, ਵੇਖੋ 1 ਸਮੂਏਲ 4:19-22. [5]*TWOT* 1.114 ਵਿਚ ਏਲਮਰ ਏ. ਮਾਰਟੇਂਸ, "בִּנְיָמִין" ਮਾਰਟੇਂਸ ਨੇ "ਦੱਖਣ ਦੇ ਪੁੱਤਰ" ਦੀ ਸੰਭਾਵਨਾ ਵੀ ਦਿੱਤੀ ਹੈ। ਇਹ ਅਰਥ ਇਸ ਤੱਥ ਦੇ ਨਾਲ ਮੇਲ ਖਾਂਦਾ ਹੈ ਕਿ ਯਾਕੂਬ ਦਾ ਪਰਿਵਾਰ ਦੱਖਣ ਵੱਲ ਯਾਤਰਾ ਕਰ ਰਿਹਾ ਸੀ ਅਤੇ ਬਿਨਯਾਮੀਨ ਦਾ ਜਨਮ ਦੱਖਣ ਵਿਚ ਹੋਇਆ ਸੀ (ਆਪਣੇ ਉਨ੍ਹਾਂ ਭਰਾਵਾਂ ਦੇ ਉਲਟ ਜੋ ਹਾਰਾਨ ਵਿਚ ਪੈਦਾ ਹੋਏ ਸਨ)। ਪਰ, "ਸੱਜੇ ਹੱਥ ਦਾ ਪੁੱਤਰ" ਦਾ ਅਰਥ "ਮੇਰੇ ਸੋਗ ਦੇ ਪੁੱਤਰ" ਦੇ ਨਾਲ ਵਧੇਰੇ ਉਲਟ ਹੈ। [6]ਜੌਨ ਟੀ. ਵਿਲੀਜ਼, *ਜੇਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 372. [7]ਉਸੇ ਤਰ੍ਹਾਂ, ਨਾਹੋਰ ਅਤੇ ਇਸਮਾਏਲ ਦੇ ਬਾਰ੍ਹਾਂ ਪੁੱਤਰ ਸਨ (22:20-24; 25:12-18)। [8]ਅਧਿਆਇ 34 ਵਿਚ ਦੀਨਾਹ ਦੇ ਭ੍ਰਿਸ਼ਟ ਕੀਤੇ ਜਾਣ ਤੋਂ ਬਾਅਦ, ਉਸ ਦਾ 46:15 ਵਿਚ ਸਿਰਫ ਇੱਕੋ ਇੱਕ ਹੋਰ ਹਵਾਲਾ ਹੈ। ਕੋਈ ਵੀ ਲਿਖਤ ਇਸ ਗੱਲ ਨੂੰ ਨਹੀਂ ਦਰਸਾਉਂਦੀ ਹੈ ਕਿ ਉਸ ਦਾ ਕਦੀ ਵਿਆਹ ਹੋਇਆ ਸੀ ਜਾਂ ਕੋਈ ਬੱਚਾ ਸੀ। ਸ਼ਾਇਦ "ਭਰਿਸ਼ਟ" ਕੀਤੇ ਜਾਣ ਤੋਂ ਬਾਅਦ ਉਹ ਇਕੱਲੀ ਰਹੀ ਹੋਵੇਗੀ, ਜਿਵੇਂ ਤਾਮਾਰ ਵੀ ਭਰਿਸ਼ਟ ਕੀਤੇ ਜਾਣ ਤੋਂ ਬਾਅਦ ਇਕੱਲੀ ਰਹੀ ਸੀ (2 ਸਮੂਏਲ 13:20)। [9]ਜਦੋਂ ਤੱਕ ਯਾਕੂਬ ਅਤੇ ਉਸ ਦਾ ਪਰਿਵਾਰ ਨੇ ਸ਼ਕਮ ਨੂੰ ਛੱਡ ਕੇ, ਬੈਤਏਲ ਜਾਂ ਬੈਤਲਹਮ ਨਹੀਂ ਪਹੁੰਚੇ (35:16-19), ਉਸ ਸਮੇਂ ਤੱਕ ਬਿਨਯਾਮੀਨ ਦਾ ਜਨਮ ਨਹੀਂ ਹੋਇਆ ਸੀ (35:4)।